ਨੰ: 14/39/2009-6ਪੀਪੀ3/8311

ਪੰਜਾਬ ਸਰਕਾਰ

ਪ੍ਰਸੋਨਲ ਵਿਭਾਗ

(ਪ੍ਰਸੋਨਲ ਪਾਲਿਸੀ-3 ਸਾਖਾ)

ਮਿਤੀ,ਚੰਡੀਗੜ੍ਹ, 27-6-2009

ਸੇਵਾ ਵਿਖੇ

ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਰਜਿਸਟਰਾਰ,ਪੰਜਾਬ ਅਤੇ ਹਰਿਆਣਾ ਹਾਈਕੋਰਟ,
ਉਪ ਮੰਡਲ ਮੈਜਿਸਟਰੇਟ ਅਤੇ ਰਾਜ ਦੀਆਂ ਸਮੂਹ ਕਾਰਪੋਰੇਸਨਾਂ/ਬੋਰਡਾਂ ਦੇ
ਚੇਅਰਮੈਨ /ਮੈਨੇਜਿੰਗ ਡਾਇਰੈਕਟਰਜ,

**ਵਿਸਾ :** **ਦਫਤਰਾਂ ਦੇ ਸਮੇਂ ਵਿੱਚ ਤਬਦੀਲੀ ਸਬੰਧੀ।**

ਸ੍ਰੀਮਾਨ/ਸ੍ਰੀਮਤੀ ਜੀ,

ਉਪਰੋਕਤ ਵਿਸ਼ੇ ਤੇ ਮੈਨੂੰ ਆਪ ਜੀ ਨੂੰ ਸੰਬੋਧਤ ਕਰਨ ਅਤੇ ਇਹ ਸੂਚਿਤ ਕਰਨ ਦੀ ਹਦਾਇਤ ਹੋਈ ਹੈ ਕਿ ਇਸ ਸਾਲ ਮਾਨਸੂਨ ਦੀ ਦੇਰੀ ਹੋਣ ਵਜੋਂ ਅੱਤ ਦੀ ਗਰਮੀ ਅਤੇ ਰਾਜ ਵਿੱਚ ਬਿਜਲੀ ਦੀ ਵੱਧ ਰਹੀ ਮੰਗ ਨੂੰ ਧਿਆਨ ਵਿੱਚ ਰੱਖਦੇ ਹੋਏ ਸਰਕਾਰ ਵਲੋਂ ਇਹ ਫੈਸਲਾ ਲਿਆ ਗਿਆ ਹੈ ਕਿ ਰਾਜ ਦੇ ਸਮੁੱਚੇ ਸਰਕਾਰੀ ਦਫਤਰਾਂ/ਬੋਰਡਾਂ ਅਤੇ ਕਾਰਪੋਰੇਸਨਾਂ (ਸਿਵਾਏ ਚੰਡੀਗੜ੍ਹ ਸਥਿਤ ਦਫਤਰਾਂ) ਦਾ ਦਫਤਰੀ ਸਮਾਂ ਮਿਤੀ 29-6-2009 ਤੋਂ ਅਗਲੇ ਹੁਕਮਾਂ ਤੱਕ ਸਵੇਰੇ 7.30 ਤੋਂ 1.30 (ਬਾਅਦ ਦੁਪਿਹਰ) ਤੱਕ ਰੋਜਾਨਾ ਬਿਨਾਂ ਕਿਸੇ ਲੰਚ ਬਰੇਕ ਤੋਂ ਹੋਵੇਗਾ ।

ਇਨ੍ਹਾ ਹਦਾਇਤਾਂ ਦੀ ਇੰਨ-ਬਿੰਨ ਪਾਲਣਾਂ ਕੀਤੀ ਜਾਵੇ।

ਵਿਸ਼ਵਾਸਪਾਤਰ,

ਉਪ ਸਕੱਤਰ ਪ੍ਰਸੋਨਲ

ਨੰ: 14/39/2009-6ਪੀਪੀ3/8312 ਮਿਤੀ,ਚੰਡੀਗੜ੍ਹ 27-6-2009

ਉਪਰੋਕਤ ਦਾ ਇਕ ਉਤਾਰਾ ਸਮੂਹ ਵਿੱਤੀ ਕਮਿਸਨਰ, ਪ੍ਰਮੁੱਖ ਸਕੱਤਰ, ਸਕੱਤਰ,ਪੰਜਾਬ ਸਰਕਾਰ, ਸਕੱਤਰ/ਰਾਜਪਾਲ, ਪ੍ਰਮੁੱਖ ਸਕੱਤਰ/ਮੁੱਖ ਮੰਤਰੀ ਅਤੇ ਸਕੱਤਰ/ਮੁੱਖ ਸਕੱਤਰ,ਪੰਜਾਬ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਉਪ ਸਕੱਤਰ ਪ੍ਰਸੋਨਲ

ਨੰ: 14/39/2009-6ਪੀਪੀ3/8313 ਮਿਤੀ,ਚੰਡੀਗੜ੍ਹ, 27-6-2009

ਇਸ ਦਾ ਇਕ ਉਤਾਰਾ ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ,ਚੰਡੀਗੜ੍ਹ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਰਾਜ ਸਰਕਾਰ ਦੇ ਇਸ ਫੈਸਲੇ ਬਾਰੇ ਰੇਡਿਓ, ਟੈਲੀਵਿਜਨ ਅਤੇ ਪ੍ਰੈਸ ਰਾਹੀ ਪ੍ਰਚਾਰ

(51)

ਨੰ:1/3/2009-1ਪੀਪੀ2/8314

ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
(ਪੀ.ਪੀ.-2 ਸ਼ਾਖਾ)

ਮਿਤੀ, ਚੰਡੀਗੜ੍ਹ: 27.06.09

ਸੇਵਾ ਵਿਖੇ

ਰਾਜ ਦੇ ਸਮੂਹ ਵਿਭਾਗਾਂ ਦੇ ਮੁਖੀ,
ਡਵੀਜ਼ਨਾਂ ਦੇ ਕਮਿਸ਼ਨਰਜ਼, ਜ਼ਿਲਿਆਂ ਦੇ ਡਿਪਟੀ ਕਮਿਸ਼ਨਰਜ਼ ਅਤੇ
ਉਪ ਮੰਡਲ ਅਫਸਰ (ਸਿਵਲ), ਪੰਜਾਬ।

ਵਿਸ਼ਾ:- ਪੰਜਾਬ ਰਾਜ ਦੇ ਅਸਲ ਵਸਨੀਕਾਂ ਨੂੰ ਰੈਜੀਡੈਂਸ ਸਰਟੀਫਿਕੇਟ ਜਾਰੀ ਕਰਨ ਬਾਰੇ ਅਗਵਾਈ ਲੀਹਾਂ

---

ਸ੍ਰੀਮਾਨ/ਸ੍ਰੀਮਤੀ ਜੀ,

ਉਪਰੋਕਤ ਵਿਸ਼ੇ ਤੇ ਸਰਕਾਰ ਵਲੋਂ ਜਾਰੀ ਪੱਤਰ ਨੰ: 1/3/95-3ਪੀ.ਪੀ-2/9619, ਮਿਤੀ 6 ਜੂਨ, 1996 ਅਤੇ ਬਆਦ ਵਿੱਚ ਇਸੇ ਵਿਸ਼ੇ ਤੇ ਸਮੇਂ ਸਮੇਂ ਸਿਰ ਜਾਰੀ ਹੋਈਆਂ ਹਦਾਇਤਾਂ ਵੱਲ ਧਿਆਨ ਦਿਵਾਉਂਦੇ ਹੋਏ ਮੈਨੂੰ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਪੰਜਾਬ ਰਾਜ ਦੇ ਅਸਲ ਵਸਨੀਕਾਂ ਨੂੰ ਰੈਜੀਡੈਂਸ ਸਰਟੀਫਿਕੇਟ ਜਾਰੀ ਕਰਨ ਬਾਰੇ ਪਹਿਲਾਂ ਅਧਿਕਾਰਿਤ ਕੀਤੇ ਅਧਿਕਾਰੀਆਂ ਤੋਂ ਇਲਾਵਾ ਹੇਠ ਲਿਖੇ ਅਧਿਕਾਰੀਆਂ ਨੂੰ ਵੀ ਅਖਤਿਆਰ ਦਿੱਤੇ ਜਾਂਦੇ ਹਨ :-

| | ਕੈਟਾਗਰੀ | ਸਰਟੀਫਿਕੇਟ ਜਾਰੀ ਲਈ ਸਮਰੱਥ ਅਥਾਰਟੀ |
|---|---|---|
| 1) | ਪੇਂਡੂ ਖੇਤਰਾਂ ਲਈ | ਸਬੰਧਤ ਬਲਾਕ ਵਿਕਾਸ ਤੇ ਪੰਚਾਇਤ ਅਫਸਰ |
| 2) | ਮਿਉਂਸਿਪਲ ਕਾਰਪੋਰੇਸ਼ਨਾਂ ਦੀ ਹਦੂਦ ਵਿਚ ਪੈਂਦੇ ਵਸਨੀਕਾਂ ਲਈ | ਸਬੰਧਤ ਮਿਉਂਸਿਪਲ ਕਮਿਸ਼ਨਰ/ਵਧੀਕ ਮਿਉਂਸਿਪਲ ਕਮਿਸ਼ਨਰ |
| 3) | ਮਿਉਂਸਿਪਲ ਕੌਂਸਲਾਂ /ਐਨ.ਏ.ਸੀ ਦੀ ਹਦੂਦ ਦੇ ਵਸਨੀਕਾਂ ਲਈ | ਸਬੰਧਤ ਕਾਰਜ ਸਾਧਕ ਅਫਸਰ |

2. ਇਹ ਹਦਾਇਤਾਂ ਕੇਵਲ ਮਿਤੀ 1.7.2009 ਤੋਂ 30.9.2009 ਤੱਕ ਹੀ ਲਾਗੂ ਰਹਿਣਗੀਆਂ।

ਵਿਸ਼ਵਾਸ਼ ਪਾਤਰ

ਉਪ ਸਕੱਤਰ ਪ੍ਰਸੋਨਲ

ਇਸ ਦਾ ਇਕ ਉਤਾਰਾ ਸਮੂਹ ਵਿੱਤੀ ਕਮਿਸ਼ਨਰਜ਼, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰਾਂ ਨੂੰ

(52)

ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਕੁਲਦੀਪ ਸਿੰਘ
ਸੁਪਰਡੰਟ

ਸੇਵਾ ਵਿਖੇ

ਸਮੂਹ ਵਿੱਤੀ ਕਮਿਸ਼ਨਰਜ਼,
ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ.ਵਿ.ਪੱ.ਨੰ: 1/3/2009-1ਪੀਪੀ2/8315 ਮਿਤੀ, ਚੰਡੀਗੜ੍ਹ 27.06.2009

ਇਸ ਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:-

1) ਪ੍ਰਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ;
2) ਸਮੂਹ ਮੰਤਰੀਆਂ/ਮੁੱਖ ਸੰਸਦੀ ਸਕੱਤਰਾਂ ਦੇ ਵਿਸ਼ੇਸ਼ ਸਕੱਤਰ/ਸਕੱਤਰ ਅਤੇ ਨਿੱਜੀ ਸਕੱਤਰ; ਅਤੇ
3) ਸਕੱਤਰ/ ਮੁੱਖ ਸਕੱਤਰ, ਪੰਜਾਬ।

ਕੁਲਦੀਪ ਸਿੰਘ
ਸੁਪਰਡੰਟ

ਸੇਵਾ ਵਿਖੇ

1) ਪ੍ਰਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ;
2) ਸਮੂਹ ਮੰਤਰੀਆਂ/ਮੁੱਖ ਸੰਸਦੀ ਸਕੱਤਰਾਂ ਦੇ ਵਿਸ਼ੇਸ਼ ਸਕੱਤਰ/ਸਕੱਤਰ ਅਤੇ ਨਿੱਜੀ ਸਕੱਤਰ; ਅਤੇ
3) ਸਕੱਤਰ/ ਮੁੱਖ ਸਕੱਤਰ, ਪੰਜਾਬ।

ਅੰ.ਵਿ.ਪੱ.ਨੰ: 1/3/2009-1ਪੀਪੀ2/8316 ਮਿਤੀ, ਚੰਡੀਗੜ੍ਹ 27.06.2009

ਇਸ ਦਾ ਉਤਾਰਾ ਸਕੱਤਰ, ਪੰਜਾਬ ਸਰਕਾਰ, ਭਲਾਈ ਵਿਭਾਗ ਨੂੰ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੇ ਮਾਮਲੇ ਵਿੱਚ ਉਪਰੋਕਤ ਅਨੁਸਾਰ ਲੋੜੀਂਦੀਆਂ ਹਦਾਇਤਾਂ ਜਾਰੀ ਕਰਨ ਹਿੱਤ ਭੇਜਿਆ ਜਾਂਦਾ ਹੈ।

ਸੇਵਾ ਵਿਖੇ,

ਸਕੱਤਰ,ਪੰਜਾਬ ਸਰਕਾਰ,
ਭਲਾਈ ਵਿਭਾਗ।

ਕੁਲਦੀਪ ਸਿੰਘ
ਸੁਪਰਡੰਟ

ਅੰ:ਵਿ: ਪੱ: ਨੰ: 1/3/2009-1ਪੀਪੀ2/8317 ਮਿਤੀ, ਚੰਡੀਗੜ੍ਹ 27.06.2009

ਪਿੱਠਅੰਕਣ ਨੰ: 1/3/2009-1ਪੀਪੀ2/8318 ਮਿਤੀ, ਚੰਡੀਗੜ੍ਹ 27.06.2009

ਇਸ ਦਾ ਇਕ ਉਤਾਰਾ ਪੰਜਾਬ ਰਾਜ ਦੀ ਸਮੂਹ ਯੂਨੀਵਰਸਿਟੀਆਂ ਦੇ ਉਪ-ਕੁਲਪਤੀਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਕੁਲਦੀਪ ਸਿੰਘ
ਸੁਪਰਡੰਟ

ਪਿੱਠਅੰਕਣ ਨੰ: 1/3/2009-1ਪੀਪੀ2/8319 ਮਿਤੀ, ਚੰਡੀਗੜ੍ਹ 27.06.2009

ਇਸ ਦਾ ਇਕ ਉਤਾਰਾ ਡਾਇਰੈਕਟਰ, ਸੂਚਨਾ ਤੇ ਲੋਕ ਸੰਪਰਕ ਵਿਭਾਗ ਪੰਜਾਬ, ਚੰਡੀਗੜ੍ਹ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਸਰਕਾਰ ਦੀ ਪਾਲਿਸੀ ਨੂੰ ਅਖਬਾਰਾਂ ਵਿਚ ਪ੍ਰਕਾਸ਼ਤ ਕਰਨ ਅਤੇ ਨਾਲ ਹੀ ਦੂਰਦਰਸ਼ਨ/ ਰੇਡੀਓ ਰਾਹੀਂ ਪ੍ਰਸਾਰਤ ਕੀਤਾ ਜਾਵੇ।

ਕੁਲਦੀਪ ਸਿੰਘ
ਸੁਪਰਡੰਟ

29/6/09

ਨੰ.7/3../04-5ਪੀਪੀ1/ 8351

ਪੰਜਾਬ ਸਰਕਾਰ

ਪ੍ਰਸੋਨਲ ਵਿਭਾਗ

(ਪ੍ਰਸੋਨਲ ਪਾਲਿਸੀਜ਼-1 ਸ਼ਾਖਾ)

ਸੇਵਾ ਵਿਖੇ

ਸਮੂਹ ਵਿਭਾਗਾਂ ਦੇ ਮੁਖੀ, ਕਮਿਸ਼ਨਰਜ਼ ਆਫ ਡਵੀਜ਼ਨ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਜਿਲ੍ਹਾ ਅਤੇ ਸੈਸ਼ਨ ਜੱਜ ਅਤੇ ਸਮੂਹ ਡਿਪਟੀ ਕਮਿਸ਼ਨਰਜ਼।

ਮਿਤੀ, ਚੰਡੀਗੜ੍ਹ : 29/6/2009

ਵਿਸ਼ਾ:- ਅਸ਼ੋਰਡ ਕੈਰੀਅਰ ਪ੍ਰੋਗਰੈਸ਼ਨ ਸਕੀਮ ( 4, 9 ਅਤੇ 14 ਸਾਲਾਂ) ਬਾਰੇ ਸਪੱਸ਼ਟੀਕਰਨ।

ਸ੍ਰੀ ਮਾਨ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਜੀ ਦਾ ਧਿਆਨ ਹਦਾਇਤਾਂ ਨੰ. 7/60/06-5ਪੀਪੀ1/15963, ਮਿਤੀ 3.11.2006 ਅਤੇ ਨੰ. 7/60/06-5ਪੀਪੀ1/2395, ਮਿਤੀ 27.02.07 ਵੱਲ ਦਿਵਾਉਣ ਦੀ ਹਦਾਇਤ ਹੋਈ ਹੈ, ਜਿਸ ਰਾਹੀਂ ਆਪਸ਼ਨ ਦੇਣ ਸਬੰਧੀ ਉਪਬੰਧ ਕੀਤਾ ਗਿਆ ਸੀ। ਵੱਖ ਵੱਖ ਵਿਭਾਗਾਂ ਵਲੋਂ ਇਸ ਵਿਭਾਗ ਦੇ ਧਿਆਨ ਵਿਚ ਲਿਆਂਦਾ ਗਿਆ ਹੈ ਕਿ ਉਨ੍ਹਾਂ ਕੇਸਾਂ ਵਿਚ ਕੀ ਕੀਤਾ ਜਾਵੇ, ਜਿਨ੍ਹਾਂ ਕੇਸਾਂ ਵਿਚ ਕਰਮਚਾਰੀ ਆਪਸ਼ਨ ਦੇਣ ਦੇ ਪੂਰੇ ਸਮੇਂ ਦੌਰਾਨ ਕਮਾਈ ਛੁੱਟੀ, ਪ੍ਰਸੂਤੀ ਛੁੱਟੀ, ਸਵੈ-ਰੋਜ਼ਗਾਰ ਛੁੱਟੀ, ਸਸਪੈਂਡ ਸੀ ਜਾਂ ਕਰਮਚਾਰੀ ਆਪਸ਼ਨ ਦੇਣ ਦੀ ਮਿਤੀ ਤੋਂ ਪਹਿਲਾਂ ਸਵਰਗਵਾਸ ਹੋ ਗਿਆ ਹੋਵੇ ਅਤੇ ਆਪਣੀ ਆਪਸ਼ਨ ਨਹੀਂ ਦੇ ਸਕੇ।

2. ਇਹ ਮਾਮਲਾ ਵਿੱਤ ਵਿਭਾਗ ਨਾਲ ਟੇਕ-ਅਪ ਕੀਤਾ ਗਿਆ ਜਿਨ੍ਹਾਂ ਵਲੋਂ ਆਪਣੇ ਅੰ.ਵਿ.ਪੱ.ਨੰ. 6/26/09-4ਵਿ.ਪ2/264, ਮਿਤੀ 26-03-09 ਰਾਹੀਂ ਹੇਠ ਲਿਖੇ ਅਨੁਸਾਰ ਸਲਾਹ ਦਿੱਤੀ ਹੈ:-

"ਵਿੱਤ ਵਿਭਾਗ ਪ੍ਰਸੋਨਲ ਵਿਭਾਗ ਵਲੋਂ 4,9 ਅਤੇ 14 ਸਾਲਾਂ ਏ.ਸੀ.ਪੀ. ਸਕੀਮ ਵਿਚ ਆਪਸ਼ਨ ਦੇਣ ਸਬੰਧੀ ਤਜਵੀਜ਼ਤ ਉਪਬੰਧ ਸ਼ਾਮਲ ਕਰਨ ਲਈ ਸਹਿਮਤੀ ਪ੍ਰਗਟ ਕਰਦਾ ਹੈ। ਇਸ ਦੇ ਨਾਲ ਉਨ੍ਹਾਂ ਦਾ ਧਿਆਨ ਇਸ ਮਾਮਲੇ ... ਵਿਭਾਗ ਵਲੋਂ ਅੰ.ਵਿ.ਪੱ.ਨੰ. 6/3/99-4ਵਿ.ਪ.2/2059,

ਮਿਤੀ 17.2.2009 ਰਾਹੀਂ ਦਿਤੀ ਗਈ ਸਲਾਹ ਵੱਲ ਵੀ ਦਿਵਾਇਆ ਜਾਂਦਾ ਹੈ। ”

3. ਵਿੱਤ ਵਿਭਾਗ ਵਲੋਂ ਜਾਰੀ ਪੰਜਾਬ ਸਿਵਲ ਸੇਵਾਵਾਂ (ਸੋਧੀ ਤਨਖਾਹ) ਨਿਯਮ 1998 ਦੇ ਨਿਯਮ 6 ਦੇ ਨੋਟ 2 ਵਿੱਚ ਹੇਠ ਲਿਖੇ ਅਨੁਸਾਰ ਉਪਬੰਧ ਹੈ:-

"Note:-2 ; Persons who have died on or after the Ist day of January,1996 and have not exercised upon within the prescribed time limit shall be deemed to have opted for the revised scale on and from the first day of January,1996 or such later date as is most beneficial to their dependents "

4. ਇਹ ਮਾਮਲਾ ਵਿਚਾਰਨ ਉਪਰੰਤ ਅਤੇ ਵਿੱਤ ਵਿਭਾਗ ਵਲੋਂ ਜਾਰੀ ਸਲਾਹ ਅਤੇ ਪੰਜਾਬ ਸਿਵਲ ਸਰਵਿਸਿਜ (ਸੋਧੀ ਤਨਖਾਹ) ਨਿਯਮ 1998 ਦੇ ਨਿਯਮ 6 ਦੇ ਨੋਟ 2 ਵਿਚ ਦਰਜ ਭਾਵਨਾ ਦੇ ਸਨਮੁੱਖ ਇਸ ਮਾਮਲੇ ਵਿਚ ਪਹਿਲਾਂ ਜਾਰੀ ਹਦਾਇਤਾਂ ਨੰ: 7/60/06-5ਪੀ.ਪੀ.1/15963, ਮਿਤੀ 3.11.2006 ਅਤੇ ਨੰ: 7/60/06-5ਪੀ.ਪੀ.1/2395, ਮਿਤੀ 27.2.07 ਦੀ ਲਗਾਤਾਰਤਾ ਵਿਚ ਹੇਠ ਲਿਖੇ ਅਨੁਸਾਰ ਉਪਬੰਧ ਕਰਨ ਦਾ ਫੈਸਲਾ ਲਿਆ ਗਿਆ ਹੈ:-

(i) "An employee who during the full prescribed period for such option was on Ex. India leave, maternity leave or on leave for self employment etc. and could not exercise his/her option within prescribed period may exercise his/her option within 30 days from the date of issuance of these instructions; as the case may be; and

(ii) Persons who have died on or after 1.11.2006 and have not exercised option within the prescribed time limit in this regard shall be deemed to have opted for such option and from Ist day of November, 2006 or such later date as is most beneficial to their dependants within 30 days from the date of issuance of these instructions.

5 ਇਹ ਸਪਸ਼ਟੀਕਰਣ ਵਿੱਤ ਵਿਭਾਗ ਦੀ ਸਲਾਹ ਜੋ ਅੰ: ਵਿ: ਪ: ਨੰ: 6/8/99-4ਵਿ.ਪ੍ਰ.2/2059, ਮਿਤੀ 17.2.09 ਅਤੇ ਅੰ: ਵਿ: ਪ: ਨੰ: 6/26/09-4ਵਿ.ਪ੍ਰ.2/2713, ਮਿਤੀ 26.3.2009 ਰਾਹੀਂ ਪ੍ਰਾਪਤ ਹੋਈਆਂ ਹਨ, ਦੀ ਸਹਿਮਤੀ ਉਪਰੰਤ ਜਾਰੀ ਕੀਤੀਆਂ ਜਾਂਦੀਆਂ ਹਨ।

ਵਧੀਕ ਸਕੱਤਰ, ਪ੍ਰਸੋਨਲ

ਇਸ ਦਾ ਇੱਕ ਉਤਾਰਾ ਸਮੂਹ ਵਿੱਤੀ ਕਮਿਸ਼ਨਰਜ਼, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਵਧੀਕ ਸਕੱਤਰ, ਪ੍ਰਸੋਨਲ

ਸੇਵਾ ਵਿਖੇ

ਸਮੂਹ ਵਿੱਤੀ ਕਮਿਸ਼ਨਰਜ਼,
ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ ਪੰਜਾਬ ਸਰਕਾਰ।

ਅੰ: ਵਿ: ਪ: ਨੰ: 7/3/09-5ਪੀ.ਪੀ.1/8351 ਮਿਤੀ,ਚੰਡੀਗੜ੍ਹ 29/6/2009

ਇਸ ਦਾ ਇਕ ਉਤਾਰਾ ਵਿਤ ਵਿਭਾਗ(ਵਿ.ਪ੍ਰ.2 ਸ਼ਾਖਾ) ਨੂੰ ਉਨਾਂ ਦੇ ਉਪਰੋਕਤ ਹਵਾਲਿਆ ਰਾਹੀਂ ਪ੍ਰਾਪਤ ਸਲਾਹ ਦੇ ਸਨਮੁਖ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਵਧੀਕ ਸਕੱਤਰ, ਪ੍ਰਸੋਨਲ

ਸੇਵਾ ਵਿਖੇ

ਵਿਤ ਵਿਭਾਗ,
(ਵਿ.ਪ੍ਰ.2 ਸ਼ਾਖਾ)

ਨੰ: 7/3/09-5ਪੀਪੀ1/8351 ਮਿਤੀ ਚੰਡੀਗੜ੍ਹ 29/6/2009

ਨੰ: 14/39/2009-6ਪੀਪੀ3/8789

ਪੰਜਾਬ ਸਰਕਾਰ

ਪ੍ਰਸੋਨਲ ਵਿਭਾਗ

(ਪ੍ਰਸੋਨਲ ਪਾਲਿਸੀ-3 ਸ਼ਾਖਾ)

ਮਿਤੀ,ਚੰਡੀਗੜ੍ਹ 8-7-2009

ਸੇਵਾ ਵਿਖੇ

ਡਿਪਟੀ ਕਮਿਸ਼ਨਰ, ਗੁਰਦਾਸਪੁਰ, ਐਸ.ਏ.ਐਸ.ਨਗਰ (ਮੋਹਾਲੀ), ਫਤਿਹਗੜ੍ਹ ਸਾਹਿਬ, ਪਟਿਆਲਾ ਅਤੇ ਫਿਰੋਜ਼ਪੁਰ।

ਵਿਸ਼ਾ : ਦਫਤਰਾਂ ਦੇ ਸਮੇ ਵਿੱਚ ਤਬਦੀਲੀ ਸਬੰਧੀ।

--------

ਸ੍ਰੀਮਾਨ/ਸ੍ਰੀਮਤੀ ਜੀ,

ਮੈਨੂੰ ਆਪ ਜੀ ਦਾ ਧਿਆਨ ਉਪਰੋਕਤ ਵਿਸ਼ੇ ਤੇ ਸਰਕਾਰ ਦੇ ਪੱਤਰ ਨੰ: 14/39/2009-6ਪੀਪੀ3/8311 ਮਿਤੀ 27-6-2009 ਵੱਲ ਦਿਵਾਉਂਦੇ ਹੋਏ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਭਾਰਤ ਦੇ ਚੋਣ ਕਮਿਸ਼ਨ ਵਲੋਂ ਜਾਰੀ ਪ੍ਰੋਗਰਾਮ ਅਨੁਸਾਰ 5-ਕਾਹਨੂੰਵਾਨ, 70-ਬਨੂੜ, 93-ਜਲਾਲਾਬਾਦ, ਵਿਧਾਨ ਸਭਾ ਚੋਣ ਹਲਕੇ ਲਈ ਨਾਮਜਦਗੀ ਪੱਤਰ ਮਿਤੀ 9-7-09 ਤੋਂ 16-7-09 ਤੱਕ ਸਵੇਰੇ 11.00 ਵਜੇ ਤੋਂ 3.00 ਵਜੇ ਬਾਅਦ ਦੁਪਿਹਰ ਤੱਕ ਸਬੰਧਤ ਰਿਟਰਨਿੰਗ ਅਫਸਰ ਵਲੋਂ ਪ੍ਰਾਪਤ ਕੀਤੇ ਜਾਣੇ ਹਨ। ਚੋਣ ਕਾਰਵਾਈ ਸਨਮੁੱਖ ਜਿਲ੍ਹਾ ਗੁਰਦਾਸਪੁਰ, ਐਸ.ਏ.ਐਸ. ਨਗਰ (ਮੋਹਾਲੀ), ਫਤਿਹਗੜ੍ਹ ਸਾਹਿਬ, ਪਟਿਆਲਾ ਅਤੇ ਫਿਰੋਜਪੁਰ ਵਿੱਚ ਸਥਿਤ ਹੇਠ ਲਿਖੇ ਦਫਤਰਾਂ ਦਾ ਸਮਾਂ ਮਿਤੀ 8-7-2009 ਤੋਂ ਮਿਤੀ 9-8-2009 ਤੱਕ ਸਵੇਰੇ 9.00 ਤੋਂ 5.00 ਤੱਕ ਪਹਿਲਾਂ ਵਾਂਗ ਹੋਵੇਗਾ :-

1. ਦਫਤਰ ਡਿਪਟੀ ਕਮਿਸ਼ਨਰ;
2. ਦਫਤਰ ਸੀਨੀਅਰ ਸੁਪਰਡੰਟ ਆਫ ਪੁਲਿਸ;
3. ਦਫਤਰ ਜਿਲ੍ਹਾ ਚੋਣ ਅਫਸਰ/ਚੋਣ ਤਹਿਸੀਲਦਾਰ ;
4. ਦਫਤਰ, ਐਸ.ਡੀ.ਐਮ,ਗੁਰਦਾਸਪੁਰ;
5. ਦਫਤਰ, ਐਸ.ਡੀ.ਐਮ,ਰਾਜਪੁਰਾ/ਡੇਰਾਬਸੀ;
6. ਦਫਤਰ, ਐਸ.ਡੀ.ਐਮ, ਜਲਾਲਾਬਾਦ ;
7. ਉਪਰੋਕਤ ਚੋਣ ਹਲਕਿਆਂ ਨਾਲ ਸਬੰਧਤ ਡਿਪਟੀ ਸੁਪਰਡੰਟ ਆਫ ਪੁਲਿਸ ਦੇ ਦਫਤਰ ਅਤੇ
8. ਚੋਣ ਤਹਿਸੀਲਦਾਰ,ਇੰਚਾਰਜ ਚੋਣ ਭੰਡਾਰ,ਪੰਜਾਬ,ਪਟਿਆਲਾ

ਉਪਰੋਕਤ ਦਫਤਰਾਂ ਵਿੱਚ ਇਨ੍ਹਾ ਹਦਾਇਤਾਂ ਦੀ ਇਨ-ਬਿਨ ਪਾਲਣਾ ਯਕੀਨੀ ਬਣਾਈ ਜਾਵੇ।

ਵਿਸ਼ਵਾਸਪਾਤਰ,

(ਦਸਤਖਤ)

ਉਪ ਸੁਕੱਤਰ ਪ੍ਰਸੋਨਲ

ਨੰ: 14/39/2009-6ਪੀਪੀ3/8790 ਮਿਤੀ,ਚੰਡੀਗੜ੍ਹ 8-7-2009

ਇਸ ਦਾ ਇਕ ਉਤਾਰਾ ਮੁੱਖ ਚੋਣ ਅਫਸਰ ,ਪੰਜਾਬ ਨੂੰ ਉਨ੍ਹਾਂ ਦੇ ਪੱਤਰ ਨੰ: ਚੋਣ-2009/-26627, ਮਿਤੀ 7-7-09 ਦੇ ਹਵਾਲੇ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ

(ਦਸਤਖਤ)

ਉਪ ਸੁਕੱਤਰ ਪ੍ਰਸੋਨਲ

21/7/09 (57)

ਨੰ: 9/11/09-4ਪੀਪੀ1/9089

ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
(ਪ੍ਰਸੋਨਲ ਪਾਲਿਸੀਜ਼-1 ਸ਼ਾਖਾ)

ਸੇਵਾ ਵਿਖੇ,

ਸਮੂਹ ਵਿਭਾਗਾਂ ਦੇ ਮੁਖੀ, ਕਮਿਸ਼ਨਰਜ਼ ਆਫ਼ ਡਵੀਜਨ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਜਿਲਾ ਅਤੇ ਸੈਸ਼ਨ ਜੱਜ ਅਤੇ ਸਮੂਹ ਡਿਪਟੀ ਕਮਿਸ਼ਨਰਜ਼ ਅਤੇ
ਸਮੂਹ ਉਪ ਮੰਡਲ (ਸਿਵਲ) ਪੰਜਾਬ।

ਮਿਤੀ, ਚੰਡੀਗੜ੍ਹ: 21/7/09

ਵਿਸ਼ਾ: ਗਰੁੱਪ-ਡੀ ਕਰਮਚਾਰੀਆਂ ਤੋਂ ਗਰੁੱਪ-ਸੀ (ਕਲਰਕ) ਦੀ ਪਦ-ਉਨਤੀ ਲਈ ਵਿਦਿਅੱਕ ਯੋਗਤਾਵਾਂ ਬਾਰੇ।

ਸ਼੍ਰੀਮਾਨ/ ਸ਼੍ਰੀਮਤੀ ਜੀ,

ਪੰਜਾਬ ਸਰਕਾਰ ਵਲੋਂ ਅਧਿਸੂਚਨਾਂ ਨੰ: ਜੀ ਐਸ ਆਰ.12/ਕੰਨਸਟੀਚਿਊਸ਼ਨ/ਆਰ.309/ਅਮੈਂਡ(4)/2009 ਮਿਤੀ 10 ਫਰਵਰੀ, 2009 ਜੋ ਕਿ ਹਦਾਇਤਾਂ ਨੰ:9/2/03-4ਪੀਪੀ1/3868 ਮਿਤੀ 6.3.09 ਰਾਹੀਂ ਸਰਕੁਲੇਟ ਕੀਤੀ ਗਈ ਹੈ, ਅਨੁਸਾਰ ਪੰਜਾਬ ਸਿਵਲ ਸੇਵਾਵਾਂ (ਆਮ ਅਤੇ ਸਾਂਝੀਆਂ ਸ਼ਰਤਾਂ) ਨਿਯਮ-1994 ਦੇ ਨਿਯਮ-15 ਵਿਚ ਸੋਧ ਕਰਦੇ ਹੋਏ ਕਲਰਕ ਦੀ ਅਸਾਮੀ ਤੇ ਸਿੱਧੀ ਭਰਤੀ ਲਈ ਹੇਠ ਲਿਖੇ ਅਨੁਸਾਰ ਯੋਗਤਾ ਨਿਸ਼ਚਿਤ ਕੀਤੀ ਗਈ ਹੈ:-

"15. Minimum educational and other qualifications:-

1 (i) No person shall be given direct appointment to the post of clerk under the Punjab Government unless he possesses the Bachelor's degree from a recognised University or institution and ;

(ii) Possesses at least one hundred and twenty hours course with hands on experience in the use of Personal Computer or Information Technology in Office Productivity applications or Desktop Publishing applications from a Government organised institution or a reputed institution, which is ISO-9001, certified

OR

Possesses a Computer Information Technology Course equivalent to O Level Certificate of Department of Electronic Accreditation of Computer Courses (DOEACC) of Govt of India

2. The person so appointed as Clerk in terms of sub Rule (1) shall have to qualify a test in Punjabi Typewriting to be conducted by the board or by the Appointing Authority at the speed of 30 Words Per Minute within a period of one year from the date of his appointment

3. In case the person fails to qualify the said test within the period specify in sub - rule (2) he shall be allowed annual increment only with effect from the date he qualifies such test, but he shall not be paid any arrears for the period for which he could not qualify the said test.

Provided that where appointment to Group-C non-technical post is offered to a war hero, who has been discharged from Defence Services or Dependent member of his family under the instructions issued in this behalf by the Government, the educational qualification to be possessed by such person shall be Graduate from a recognised University or institution. However such

person shall not be required to qualify the test in Punjabi Typewriting as specified in sub rule (2)"

ਕਈ ਵਿਭਾਗਾਂ ਵਲੋਂ ਇਸ ਵਿਭਾਗ ਦੀਆਂ ਹਦਾਇਤਾਂ ਨੰ:12/10/96-3ਪੀਪੀ2/14190, ਮਿਤੀ 27.10.98 ਰਾਹੀਂ ਦਿੱਤੀਆਂ ਹਦਾਇਤਾਂ ਦੇ ਹੁੰਦੇ ਇਹ ਪੁੱਛ ਕੀਤੀ ਜਾ ਰਹੀ ਹੈ ਕਿ ਗਰੁੱਪ-ਡੀ ਤੋਂ ਗਰੁੱਪ-ਸੀ (ਕਲਰਕ) ਦੀ ਪਦ-ਉੱਨਤੀ ਲਈ ਕਿਹੜੀਆਂ ਯੋਗਤਾਵਾਂ ਮੰਨੀਆਂ ਜਾਣੀਆਂ ਹਨ। ਇਸ ਸਾਰੇ ਮਾਮਲੇ ਨੂੰ ਗਹੁ ਨਾਲ ਵਿਚਾਰਨ ਉਪਰੰਤ ਸਰਕਾਰ ਵਲੋਂ ਫੈਸਲਾ ਲਿਆ ਗਿਆ ਹੈ ਕਿ ਕਿਉਂਕਿ ਪੰਜਾਬ ਸਿਵਲ ਸੇਵਾਵਾਂ (ਆਮ ਅਤੇ ਸਾਂਝੀਆਂ ਸੇਵਾ ਸ਼ਰਤਾਂ) ਨਿਯਮ-1994 ਦਾ ਸਾਰੇ ਨਿਯਮਾਂ/ ਹਦਾਇਤਾਂ ਉੱਤੇ ਓਵਰਰਾਈਡਿੰਗ ਇਫੈਕਟ ਹੈ, ਇਸ ਲਈ ਕਲਰਕ ਦੀ ਅਸਾਮੀ ਉੱਤੇ ਨਿਯੁਕਤੀ (ਸਿੱਧੀ/ਤਰੱਕੀ) ਲਈ ਯੋਗਤਾ ਇਨ੍ਹਾਂ ਨਿਯਮਾਂ ਅਨੁਸਾਰ ਹੀ ਹੋਵੇਗੀ।

2. ਇਹ ਹਦਾਇਤਾਂ ਪੱਤਰ ਜਾਰੀ ਹੋਣ ਦੀ ਮਿਤੀ ਤੋਂ ਲਾਗੂ ਹੋਣਗੀਆਂ।

3. ਇਹ ਹਦਾਇਤਾਂ ਸਾਰੇ ਸਬੰਧਤਾਂ ਦੇ ਧਿਆਨ ਵਿਚ ਸਖਤ ਪਾਲਣਾ ਹਿੱਤ ਲਿਆ ਦਿੱਤੀਆਂ ਜਾਣ।

4. ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ।

ਵਿਸ਼ਵਾਸਪਾਤਰ,

ਵਧੀਕ ਸਕੱਤਰ, ਪ੍ਰਸੋਨਲ

ਇਸ ਦਾ ਇੱਕ ਉਤਾਰਾ ਰਾਜ ਦੇ ਸਮੂਹ ਵਿੱਤੀ ਕਮਿਸ਼ਨਰਾਂ/ ਪ੍ਰਮੁੱਖ ਸਕੱਤਰਾਂ/ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਵਧੀਕ ਸਕੱਤਰ, ਪ੍ਰਸੋਨਲ

ਵੱਲ,

ਸਮੂਹ ਵਿੱਤੀ ਕਮਿਸ਼ਨਰ/ਪ੍ਰਮੁੱਖ ਸਕੱਤਰ ਅਤੇ
ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ ਵਿ ਪੱ ਨੰ 9/11/09-4ਪੀ ਪੀ 3/ 9078    ਮਿਤੀ, ਚੰਡੀਗੜ੍ਹ: 21/7/09

ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
(ਪ੍ਰਸੋਨਲ ਪਾਲਿਸੀ-3 ਸ਼ਾਖਾ)

## ਅਧਿਸੂਚਨਾ

ਨੰ.6/30/2009-6ਪੀਪੀ3/9210 ਮਿਤੀ,ਚੰਡੀਗੜ੍ਹ, 28-7-2009

ਇਹ ਅਧਿਸੂਚਿਤ ਕੀਤਾ ਜਾਂਦਾ ਹੈ ਕਿ 3 ਅਗਸਤ,2009 (ਸੋਮਵਾਰ) ਨੂੰ 5-ਕਾਹਨੂੰਵਾਨ, 70-ਬਨੂੜ ਅਤੇ 93-ਜਲਾਲਾਬਾਦ ਅਸੈਂਬਲੀ ਹਲਕਿਆਂ ਵਿਚ ਉਪ ਚੋਣਾਂ ਹੋਣ ਕਾਰਨ ਇਨ੍ਹਾਂ ਅਸੈਂਬਲੀ ਹਲਕਿਆਂ ਦੇ ਅਧਿਕਾਰ ਖੇਤਰ ਵਿੱਚ ਸਥਿਤ ਪੰਜਾਬ ਸਰਕਾਰ ਦੇ ਸਾਰੇ ਦਫਤਰਾਂ, ਪੰਜਾਬ ਸਰਕਾਰ ਦੇ ਸਾਰੇ ਨਿਗਮਾਂ/ਬੋਰਡਾਂ ਅਤੇ ਵਿਦਿਅਕ ਅਦਾਰਿਆਂ ਵਿੱਚ ਮਿਤੀ 3 ਅਗਸਤ,2009 (ਸੋਮਵਾਰ) ਦੀ ਜਨਤਕ ਛੁੱਟੀ ਘੋਸਿਤ ਕੀਤੀ ਜਾਂਦੀ ਹੈ।

2. ਇਹ ਛੁੱਟੀ ਨੈਗੋਸ਼ੀਏਬਲ ਇੰਸਟਰੂਮੈਂਟ ਐਕਟ,1881 ਦੀ ਧਾਰਾ 25 ਅਧੀਨ ਵੀ ਹੋਵੇਗੀ।

ਮਿਤੀ,ਚੰਡੀਗੜ੍ਹ
27 ਜੁਲਾਈ,2009

ਐਸ.ਸੀ.ਅਗਰਵਾਲ
ਮੁੱਖ ਸਕੱਤਰ,ਪੰਜਾਬ ਸਰਕਾਰ

ਪਿੱਠ ਅੰਕਣ ਨੰ: 6/30/2009-6ਪੀਪੀ3/9211 ਮਿਤੀ,ਚੰਡੀਗੜ੍ਹ, 28-7-2009

ਇਸ ਦਾ ਇਕ ਉਤਾਰਾ ਪੰਜਾਬ ਰਾਜ ਦੇ ਸਮੂਹ ਵਿੱਤੀ ਕਮਿਸ਼ਨਰਾਂ, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਉਪ ਸਕੱਤਰ ਪ੍ਰਸੋਨਲ

ਪਿੱਠ ਅੰਕਣ ਨੰ: 6/30/2009-6ਪੀਪੀ3/9212 ਮਿਤੀ, ਚੰਡੀਗੜ੍ਹ, 28-7-2009

ਇਸ ਦਾ ਇੱਕ ਉਤਾਰਾ ਸਮੂਹ ਵਿਭਾਗਾਂ ਦੇ ਮੁੱਖੀਆਂ, ਡਵੀਜ਼ਨਾਂ ਦੇ ਕਮਿਸ਼ਨਰਜ਼, ਰਜਿਸਟਰਾਰ,ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਡਿਪਟੀ ਕਮਿਸ਼ਨਰਜ਼ ਅਤੇ ਉਪ ਮੰਡਲ ਮੈਜਿਸਟਰੇਟਾਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਉਪ ਸਕੱਤਰ ਪ੍ਰਸੋਨਲ

ਪਿੱਠ ਅੰਕਣ ਨੰ: 6/30/2009-6ਪੀਪੀ3/9213 ਮਿਤੀ, ਚੰਡੀਗੜ੍ਹ, 28-7-2009

ਇਸ ਦਾ ਇਕ ਉਤਾਰਾ ਸਕੱਤਰ ਪੰਜਾਬ ਸਰਕਾਰ, ਆਮ ਰਾਜ ਪ੍ਰਬੰਧ ਵਿਭਾਗ (ਆਮ ਤਾਲਮੇਲ ਸ਼ਾਖਾ) ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਉਪ ਸਕੱਤਰ ਪ੍ਰਸੋਨਲ

ਪਿੱਠ ਅੰਕਣ ਨੰ: 6/30/2009-6ਪੀਪੀ3/9214 ਮਿਤੀ, ਚੰਡੀਗੜ੍ਹ, 28-7-2009

ਇਸ ਦਾ ਇਕ ਉਤਾਰਾ ਸਕੱਤਰ, ਚੋਣ ਕਮਿਸ਼ਨ, ਭਾਰਤ ਸਰਕਾਰ, ਨਿਰਵਾਚਨ ਸਦਨ, ਅਸ਼ੋਕਾ ਰੋਡ, ਨਵੀਂ ਦਿੱਲੀ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਉਪ ਸਕੱਤਰ ਪ੍ਰਸੋਨਲ

ਪਿੱਠ ਅੰਕਣ ਨੰ: 6/30/2009-6ਪੀਪੀ3/9215 ਮਿਤੀ, ਚੰਡੀਗੜ੍ਹ,

ਇਸ ਦਾ ਇਕ ਉਤਾਰਾ ਮੁੱਖ ਚੋਣ ਅਫਸਰ,ਪੰਜਾਬ ਨੂੰ ਉਨ੍ਹਾਂ ਦੇ ਪੱਤਰ ਨੰ: Elec-2009/R-26924-25 ਮਿਤੀ 11 ਜੁਲਾਈ 2009 ਦੇ ਹਵਾਲੇ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਉਪ ਸਕੱਤਰ ਪ੍ਰਸੋਨਲ

ਪਿੱਠ ਅੰਕਣ ਨੰ: 6/30/2009-6ਪੀਪੀ3/9216 ਮਿਤੀ,ਚੰਡੀਗੜ੍ਹ, 28-7-2009

ਇਸ ਦਾ ਇਕ ਉਤਾਰਾ ਡਾਇਰੈਕਟਰ ਸੂਚਨਾ ਅਤੇ ਲੋਕ ਸੰਪਰਕ ਵਿਭਾਗ,ਪੰਜਾਬ,ਚੰਡੀਗੜ੍ਹ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਸਰਕਾਰ ਦੇ ਇਸ ਫੈਸਲੇ ਨੂੰ ਪ੍ਰੈਸ, ਰੇਡੀਓ ਅਤੇ ਟੈਲੀਵੀਜ਼ਨ ਰਾਹੀਂ ਲੋਕਾਂ ਤੱਕ ਪਹੁੰਚਾਇਆ ਜਾਵੇ।

ਉਪ ਸਕੱਤਰ ਪ੍ਰਸੋਨਲ

ਪਿੱਠ ਅੰਕਣ ਨੰ: 6/30/2009-6ਪੀਪੀ3/9217 ਮਿਤੀ,ਚੰਡੀਗੜ੍ਹ, 28-7-2009

ਇਸ ਦਾ ਇਕ ਉਤਾਰਾ ਕੰਟਰੋਲਰ, ਛਪਾਈ ਤੇ ਲਿਖਣ ਸਮੱਗਰੀ ਵਿਭਾਗ,ਪੰਜਾਬ ਚੰਡੀਗੜ੍ਹ ਨੂੰ ਇਸ ਨੋਟੀਫਿਕੇਸ਼ਨ ਨੂੰ ਪੰਜਾਬ ਸਰਕਾਰ ਦੇ ਸਾਧਾਰਨ ਗਜ਼ਟ ਵਿੱਚ ਛਾਪਣ ਹਿੱਤ ਭੇਜਿਆ ਜਾਂਦਾ ਹੈ।

ਉਪ ਸਕੱਤਰ ਪ੍ਰਸੋਨਲ

ਨੰ: 6/30/2009-6ਪੀਪੀ3/9218

ਪੰਜਾਬ ਸਰਕਾਰ

ਪ੍ਰਸੋਨਲ ਵਿਭਾਗ

(ਪ੍ਰਸੋਨਲ ਪਾਲਿਸੀ-3 ਸ਼ਾਖਾ)

ਮਿਤੀ ,ਚੰਡੀਗੜ੍ਹ, 28 ਜੁਲਾਈ,2009

ਸੇਵਾ ਵਿਖੇ

ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਡਵੀਜਨਾਂ ਦੇ ਕਮਿਸ਼ਨਰ, ਜਿਲ੍ਹਿਆਂ ਦੇ ਡਿਪਟੀ ਕਮਿਸ਼ਨਰ;
ਉਪ ਮੰਡਲ ਮੈਜਿਸਟਰੇਟ ਅਤੇ ਰਾਜ ਦੀਆਂ ਸਮੂਹ ਕਾਰਪੋਰੇਸ਼ਨਾਂ/ਬੋਰਡਾਂ ਦੇ
ਚੇਅਰਮੈਨ/ਮੈਨੇਜਿੰਗ ਡਾਇਰੈਕਟਰਜ਼,

ਵਿਸ਼ਾ : ਕਰਮਚਾਰੀਆਂ ਨੂੰ ਚੋਣਾਂ ਦੇ ਦਿਨ ਦੀ ਤਨਖਾਹ ਸਮੇਤ ਛੁੱਟੀ ਦੇਣ ਬਾਰੇ।

*****

ਸ੍ਰੀਮਾਨ ਜੀ,

ਮੈਨੂੰ ਇਹ ਹਦਾਇਤ ਹੋਈ ਹੈ ਕਿ ਮੈਂ ਉਪਰੋਕਤ ਵਿਸ਼ੇ ਤੇ ਅਧੀਨ ਸਕੱਤਰ, ਚੋਣ ਕਮਿਸ਼ਨ, ਭਾਰਤ ਸਰਕਾਰ, ਨਵੀਂ ਦਿੱਲੀ ਤੋਂ ਪ੍ਰਾਪਤ ਪੱਤਰ ਨੰ: 78/2009/ਈ.ਪੀ.ਐਸ ਮਿਤੀ 30 ਮਾਰਚ,2009 ਦੀ, ਕਾਪੀ ਜਰੂਰੀ ਕਾਰਵਾਈ ਲਈ ਭੇਜਾਂ।

ਉਪ ਸਕੱਤਰ ਪ੍ਰਸੋਨਲ

ਪਿੱਠ ਅੰਕਣ ਨੰ: 6/30/2009-6ਪੀਪੀ3/9219 ਮਿਤੀ, ਚੰਡੀਗੜ੍ਹ, 28-7-2009

ਇਸ ਦਾ ਇਕ ਉਤਾਰਾ ਸਕੱਤਰ, ਚੋਣ ਕਮਿਸ਼ਨ , ਭਾਰਤ ਸਰਕਾਰ,ਨਿਰਵਾਚਨ ਸਦਨ, ਅਸ਼ੋਕਾ ਰੋਡ, ਨਵੀਂ ਦਿੱਲੀ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਉਪ ਸਕੱਤਰ ਪ੍ਰਸੋਨਲ

ਪਿੱਠ ਅੰਕਣ ਨੰ: 6/30/2009-6ਪੀਪੀ3/9220 ਮਿਤੀ, ਚੰਡੀਗੜ੍ਹ, 28-7-2009

ਇਸ ਦਾ ਇਕ ਉਤਾਰਾ ਮੁੱਖ ਚੋਣ ਅਫਸਰ,ਪੰਜਾਬ,ਐਸ.ਸੀ.ਓ ਨੰ: 29-30,ਸੈਕਟਰ 17-ਈ,ਚੰਡੀਗੜ੍ਹ ਨੂੰ ਉਨ੍ਹਾਂ ਦੇ ਪੱਤਰ ਨੰ: Elec-2009/R-26924-25 ਮਿਤੀ 11 ਜੁਲਾਈ 2009 ਦੇ ਸਬੰਧ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਉਪ ਸਕੱਤਰ ਪ੍ਰਸੋਨਲ

ਪਿੱਠ ਅੰਕਣ ਨੰ: 6/30/2009-6ਪੀਪੀ3/9221 ਮਿਤੀ,ਚੰਡੀਗੜ੍ਹ, 28-7-2009

ਇਸ ਦਾ ਇਕ ਉਤਾਰਾ ਪੰਜਾਬ ਰਾਜ ਦੇ ਸਮੂਹ ਵਿੱਤੀ ਕਮਿਸ਼ਨਰਾਂ, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਉਪ ਸਕੱਤਰ ਪ੍ਰਸੋਨਲ

ਪਿੱਠ ਅੰਕਣ ਨੰ: 6/30/2009-6ਪੀਪੀ3/9222 ਮਿਤੀ, ਚੰਡੀਗੜ੍ਹ, 28-7-2009

ਇਸ ਦਾ ਇਕ ਉਤਾਰਾ ਸਕੱਤਰ ਪੰਜਾਬ ਸਰਕਾਰ, ਆਮ ਰਾਜ ਪ੍ਰਬੰਧ ਵਿਭਾਗ (ਆਮ ਤਾਲਮੇਲ ਸ਼ਾਖਾ) ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਉਪ ਸਕੱਤਰ ਪ੍ਰਸੋਨਲ

62

**BY CAMP BAG/FAX**

# ELECTION COMMISSION OF INDIA

**Nirvachan Sadan, Ashoka Road, New Delhi-110 001.**

No. 78/2009/EPS

Dated: 30th March, 2009.

To,

1. The Chief Secretaries to the Government of all States and Union Territories.
2. The Chief Electoral Officers of all States and Union Territories.
3. The Secretary to the Govt. of India. M/o P.P.&P. Department of Personnel & Training. New Delhi.

Punjab.

31.03.09

**Sub:-** **Grant of paid holiday to employees on the day of poll-regarding.**

Sir,

I am directed to invite your attention to Commission's letter Nos.78/99-PLN-I dated 06.04.1999 and to state that the Goa MRF Employees Union (Trade Union), had filed a writ Petition in the High Court of Bombay at Panaji (Goa) challenging the legality of contents of Para 4 of above said letter and the Hon'ble High Court has struck down Para 4 of the above said latter and directed concerned authorities to take appropriate action regarding declaration of holiday(s) on the poll day(s) by the Central/State Governments in connection with General Election and Bye election to the House of the People and State Legislative Assemblies.

The Representation of the People Act. 1951 amended in August, 1996 added a new Section 135B to the Act. The Section 135B is reproduced below :-

**"135B. Grant of paid holiday to employees on the day of poll.**

(1) Every person employed in any business trade, Industrial undertaking or any other establishment and entitled to vote at election to the House of the People or the legislative assembly of a State shall, on the day of poll, be granted a holiday.

(2) No deduction or abatement of the wages of any such person shall be made on account of a holiday having been granted in accordance with sub-section (1) and if such person is employed on the basis that he would not ordinarily receive wages he would have drawn had not a holiday been granted to him on that day.

(3) If an employer contravenes the provisions of sub-section (1) or sub-section (2), then such employer shall be punishable with fine, which may extend to five hundred rupees.

(4) This section shall not apply to any elector whose absence may cause danger or substantial loss in respect of the employment in which he is engaged."

3. The above provisions require that all establishment and shops shall be closed on the day of poll in the Constituency where a General/bye-election is to be held. However, there may be cases where a person is ordinarily resident of the Constituency and registered as an elector, may be serving/employed in an industrial undertaking or an establishment located outside the Constituency having a general/bye-election. It is clarified that in such a situation, even those electors including casual workers working outside the constituency concerned would be entitled to the benefit of a paid holiday extended under the Section 135B(1) of R.P. Act, 1951.

4. The daily wage/casual workers are also entitled for a holiday and wages on poll day as provided in Section 135B of R.P. Act, 1951.

5. The Commission desired that suitable instructions should be issued to all concerned and a copy thereof be endorsed to the Commission for its information and record.

6. The receipt of this letter may please be acknowledged.

Your faithfully,

(SUMIT MUKHEERJEE)
UNDER SECRETARY

64

ਨੰ: 14/39/2009-6ਪੀਪੀ3/9370
ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
(ਪ੍ਰਸੋਨਲ ਪਾਲਿਸੀ-3 ਸ਼ਾਖਾ)
ਮਿਤੀ ,ਚੰਡੀਗੜ੍ਹ, 3-8-2009

ਸੇਵਾ ਵਿਖੇ

ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਰਜਿਸਟਰਾਰ,ਪੰਜਾਬ ਅਤੇ ਹਰਿਆਣਾ ਹਾਈ ਕੋਰਟ,
ਡਵੀਜਨਾਂ ਦੇ ਕਮਿਸ਼ਨਰ, ਜਿਲ੍ਹਿਆਂ ਦੇ ਡਿਪਟੀ ਕਮਿਸ਼ਨਰ,
ਉਪ ਮੰਡਲ ਮੈਜਿਸਟਰੇਟ ਅਤੇ ਰਾਜ ਦੀਆਂ ਸਮੂਹ ਕਾਰਪੋਰੇਸ਼ਨਾਂ/ਬੋਰਡਾਂ ਦੇ
ਚੇਅਰਮੈਨ/ਮੈਨੇਜਿੰਗ ਡਾਇਰੈਕਟਰਜ਼,

ਵਿਸ਼ਾ : ਦਫਤਰਾਂ ਦੇ ਸਮੇਂ ਵਿੱਚ ਤਬਦੀਲੀ ਸਬੰਧੀ।

---------

ਸ੍ਰੀਮਾਨ/ਸ੍ਰੀਮਤੀ ਜੀ,

ਮੈਨੂੰ ਆਪ ਜੀ ਦਾ ਧਿਆਨ ਉਪਰੋਕਤ ਵਿਸ਼ੇ ਵੱਲ ਦਿਵਾਉਂਦੇ ਹੋਏ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਬਿਜਲੀ ਦੀ ਸਥਿਤੀ ਵਿੱਚ ਸੁਧਾਰ ਹੋਣ ਕਾਰਣ ਸਰਕਾਰ ਦੇ ਪਤੱਰ ਨੰ: ਨੰ: 14/39/2009-6ਪੀਪੀ3/8311 ਮਿਤੀ,ਚੰਡੀਗੜ੍ਹ 27-6-2009 ਰਾਹੀ ਦਫਤਰੀ ਸਮੇਂ ਦੀ ਤਬਦੀਲੀ ਸਬੰਧੀ ਜਾਰੀ ਹਦਾਇਤਾਂ ਤੁਰੰਤ ਪ੍ਰਭਾਵ ਤੋਂ ਵਾਪਸ ਲਈਆਂ ਜਾਂਦੀਆਂ ਹਨ। ਦਫਤਰੀ ਸਮਾਂ ਪਹਿਲਾਂ ਦੀ ਤਰਾਂ ਸਵੇਰੇ 9.00 ਵਜੇ ਤੋਂ ਸ਼ਾਮ 5.00 ਵਜੇ ਤੀਕ ਹੋਵੇਗਾ।

ਇਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

ਵਿਸ਼ਵਾਸਪਾਤਰ,

ਉਪ ਸਕੱਤਰ ਪ੍ਰਸੋਨਲ

ਨੰ: 14/39/2009-6ਪੀਪੀ3/9371 ਮਿਤੀ,ਚੰਡੀਗੜ੍ਹ 3-8-2009

ਉਪਰੋਕਤ ਦਾ ਇਕ ਉਤਾਰਾ ਸਮੂਹ ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ, ਸਕੱਤਰ, ਪੰਜਾਬ ਸਰਕਾਰ, ਸਕੱਤਰ/ਰਾਜਪਾਲ, ਪ੍ਰਮੁੱਖ ਸਕੱਤਰ/ਮੁੱਖ ਮੰਤਰੀ ਅਤੇ ਸਕੱਤਰ/ਮੁੱਖ ਸਕੱਤਰ,ਪੰਜਾਬ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਉਪ ਸਕੱਤਰ ਪ੍ਰਸੋਨਲ

ਨੰ: 14/39/2009-6ਪੀਪੀ3/9372 ਮਿਤੀ,ਚੰਡੀਗੜ੍ਹ 3-8-2009

ਇਸ ਦਾ ਇਕ ਉਤਾਰਾ ਸੂਚਨਾ ਅਤੇ ਲੋਕ ਸੰਪਰਕ ਵਿਭਾਗ,ਪੰਜਾਬ,ਚੰਡੀਗੜ੍ਹ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਰਾਜ ਸਰਕਾਰ ਦੇ ਇਸ ਫੈਸਲੇ ਬਾਰੇ ਰੇਡਿਓ, ਟੈਲੀਵਿਜਨ ਅਤੇ ਪ੍ਰੈਸ ਰਾਹੀ ਪ੍ਰਚਾਰ ਕੀਤਾ ਜਾਵੇ।

ਉਪ ਸਕੱਤਰ ਪ੍ਰਸੋਨਲ

ਨੰ: 6/32/2009-6ਪੀ.ਪੀ.3/9439
ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
(ਪੀ.ਪੀ.3 ਸ਼ਾਖਾ)

ਸੇਵਾ ਵਿਖੇ

ਪੰਜਾਬ ਰਾਜ ਦੇ ਚੰਡੀਗੜ੍ਹ ਸਥਿਤ
ਸਮੂਹ ਵਿਭਾਗਾਂ/ਕਾਰਪੋਰੇਸ਼ਨਾਂ/ਬੋਰਡਾਂ ਦੇ ਮੁੱਖੀ ।

ਮਿਤੀ, ਚੰਡੀਗੜ੍ਹ: 5.8.2009

ਵਿਸ਼ਾ :- ਚੰਡੀਗੜ੍ਹ ਮਿਊਂਸਪਲ ਕਾਰਪੋਰੇਸ਼ਨ (ਵਾਰਡ ਨੰ:10) ਅਤੇ ਗ੍ਰਾਮ ਪੰਚਾਇਤਾਂ ਦੀਆਂ ਮਿਤੀ 8-8-2009 ਨੂੰ ਉਪ ਚੋਣਾਂ ਹੋਣ ਕਾਰਨ ਕਰਮਚਾਰੀਆਂ ਨੂੰ ਵੋਟਾਂ ਪਾਉਣ ਹਿੱਤ ਸਪੈਸ਼ਲ ਅਚਨਚੇਤ ਛੁੱਟੀ ਦੇਣ ਸਬੰਧੀ।

***

ਸ੍ਰੀਮਾਨ ਜੀ,

ਉਪਰੋਕਤ ਵਿਸ਼ੇ ਤੇ ਮੈਨੂੰ ਆਪ ਜੀ ਨੂੰ ਇਹ ਦੱਸਣ ਦੀ ਹਦਾਇਤ ਹੋਈ ਹੈ ਕਿ ਚੰਡੀਗੜ੍ਹ ਮਿਊਂਸਪਲ ਕਾਰਪੋਰੇਸ਼ਨ ਦੇ ਵਾਰਡ ਨੰ: 10 ਅਤੇ ਚੰਡੀਗੜ੍ਹ ਸਥਿਤ ਪਿੰਡ ਬਹਿਲਾਣਾ, ਕੈਂਬਵਾਲਾ, ਰਾਏਪੁਰ ਕਲਾਂ ਅਤੇ ਸਾਰੰਗਪੁਰ ਦੀਆਂ ਗ੍ਰਾਮ ਪੰਚਾਇਤਾਂ ਦੀਆਂ ਉਪ ਚੋਣਾਂ ਮਿਤੀ 8-8-2009 (ਸਨਿੱਚਰਵਾਰ) ਨੂੰ ਹੋ ਰਹੀਆਂ ਹਨ, ਜਿਸ ਦਿਨ ਪੰਜਾਬ ਸਰਕਾਰ ਦੇ ਸਰਕਾਰੀ ਦਫਤਰਾਂ/ਕਾਰਪੋਰੇਸ਼ਨਾਂ/ਬੋਰਡਾਂ ਆਦਿ ਵਿੱਚ ਛੁੱਟੀ ਹੈ ਪ੍ਰੰਤੂ ਫਿਰ ਵੀ ਜੇਕਰ ਉਸ ਦਿਨ ਕਿਸੇ ਅਜਿਹੇ ਕਰਮਚਾਰੀ ਦੀ ਡਿਊਟੀ ਲਗਾਈ ਜਾਂਦੀ ਹੈ ਜੋ ਵਾਰਡ ਨੰ: 10 ਅਤੇ ਪਿੰਡ ਬਹਿਲਾਣਾ, ਕੈਂਬਵਾਲਾ, ਰਾਏਪੁਰ ਕਲਾਂ ਅਤੇ ਸਾਰੰਗਪੁਰ ਦਾ ਵੋਟਰ ਹੈ ਤਾਂ ਉਸ ਨੂੰ ਮਿਤੀ 8-8-2009 (ਸਨਿੱਚਰਵਾਰ) ਨੂੰ ਵੋਟ ਪਾਉਣ ਲਈ ਸਪੈਸ਼ਲ ਅਚਨਚੇਤ ਛੁੱਟੀ ਦਿੱਤੀ ਜਾਵੇ ।

ਸਰਕਾਰ ਦੇ ਇਹਨਾਂ ਹੁਕਮਾਂ ਦੀ ਇੰਨ ਬਿੰਨ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ ।

ਵਿਸ਼ਵਾਸਪਾਤਰ,
ਸੁਪਰਡੰਟ

ਨੰ: 6/32/2009-6ਪੀ.ਪੀ.3/9440 ਮਿਤੀ, ਚੰਡੀਗੜ੍ਹ: 5.8.2009

ਇਸ ਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:-

1) ਸਮੂਹ ਵਿੱਤੀ ਕਮਿਸ਼ਨਰਜ਼/ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ ;
2) ਸਕੱਤਰ/ਰਾਜਪਾਲ, ਪੰਜਾਬ ;
3) ਪ੍ਰਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ ;
4) ਸਕੱਤਰ/ਮੁੱਖ ਸਕੱਤਰ/ਪੰਜਾਬ ਸਰਕਾਰ ;
5) ਨਿੱਜੀ ਸਕੱਤਰ/ਸਕੱਤਰ ਪ੍ਰਸੋਨਲ ।

ਸੁਪਰਡੰਟ

ਨੰ: 6/32/2009-6ਪੀ.ਸੀ.3/9441 ਮਿਤੀ, ਚੰਡੀਗੜ੍ਹ: 5.8.2009

ਇਸ ਦਾ ਇਕ ਉਤਾਰਾ ਸਟੇਟ ਚੋਣ ਕਮਿਸ਼ਨ ਆਫ ਯੂ.ਟੀ., ਚੰਡੀਗੜ੍ਹ, ਨਿਊ ਡਿਲਕਸ ਬਿਲਡਿੰਗ, ਸੈਕਟਰ 17, ਚੰਡੀਗੜ੍ਹ ਨੂੰ ਉਨ੍ਹਾਂ ਦੇ ਪੱਤਰ ਨੰ: 6/1/MCCE/SEC/CHD/13/307, ਮਿਤੀ 27.7.2009 ਦੇ ਹਵਾਲੇ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ ।

ਸੁਪਰਡੰਟ

ਨੰ: 6/32/2009-6ਪੀ.ਸੀ.3/9442 ਮਿਤੀ, ਚੰਡੀਗੜ੍ਹ: 5.8.2009

ਇਸ ਦਾ ਇਕ ਉਤਾਰਾ ਡਾਇਰੈਕਟਰ ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਰਾਜ ਸਰਕਾਰ ਦੇ ਇਸ ਫੈਸਲੇ ਦਾ ਰੇਡੀਓ, ਟੈਲੀਵੀਜ਼ਨ ਅਤੇ ਪ੍ਰੈਸ ਰਾਹੀਂ ਪ੍ਰਚਾਰ ਕੀਤਾ ਜਾਵੇ।

ਸੁਪਰਡੰਟ

25/8/09 (67)

ਨੰ: 9/11/09-4ਪੀਪੀ1/9854

ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
( ਪ੍ਰਸੋਨਲ ਪਾਲਿਸੀਜ਼-1 ਸਾਖਾ)

ਸੇਵਾ ਵਿਖੇ,

ਸਮੂਹ ਵਿਭਾਗਾਂ ਦੇ ਮੁੱਖੀ, ਕਮਿਸ਼ਨਰਜ਼ ਆਫ ਡਵੀਜ਼ਨ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਜਿਲਾਂ ਅਤੇ ਸੈਸ਼ਨ ਜੱਜ ਅਤੇ ਸਮੂਹ ਡਿਪਟੀ ਕਮਿਸ਼ਨਰਜ਼ ਅਤੇ
ਸਮੂਹ ਉਪ ਮੰਡਲ (ਸਿਵਲ) ਪੰਜਾਬ।

ਮਿਤੀ, ਚੰਡੀਗੜ੍ਹ: 25/8/09

ਵਿਸ਼ਾ: ਗਰੁੱਪ-ਡੀ ਕਰਮਚਾਰੀਆਂ ਤੋਂ ਗਰੁੱਪ-ਸੀ (ਕਲਰਕ) ਦੀ ਪੱਦ-ਉਨਤੀ ਲਈ ਵਿਦਿਅੱਕ ਯੋਗਤਾਵਾਂ ਬਾਰੇ।

ਸ੍ਰੀਮਾਨ/ ਸ੍ਰੀਮਤੀ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਜੀ ਦਾ ਧਿਆਨ ਪੰਜਾਬ ਸਰਕਾਰ ਦੇ ਗਸ਼ਤੀ ਪੱਤਰ ਨੰ:9/11/09-4ਪੀਪੀ1/ 9089 ਮਿਤੀ 21.7.09 ਵੱਲ ਦਿਵਾਉਣ ਦੀ ਹਦਾਇਤ ਹੋਈ ਹੈ ਜਿਸ ਅਨੁਸਾਰ ਗਰੁੱਪ-ਡੀ ਕਰਮਚਾਰੀਆਂ ਤੋਂ ਗਰੁੱਪ-ਸੀ (ਕਲਰਕ) ਦੀ ਪੱਦ-ਉਨਤੀ ਲਈ ਵਿਦਿਅੱਕ ਯੋਗਤਾਵਾਂ ਜੋ ਅਧਿਸੂਚਨਾ ਨੰ: ਜੀ.ਐਸ.ਆਰ.12/ਕੰਨਸਟੀਚਿਊਸ਼ਨ/ਆਰ. 309/ਅਮੈਂਡ(4)/2009 ਮਿਤੀ 10 ਫਰਵਰੀ, 2009 ਜੋਕਿ ਹਦਾਇਤਾਂ ਨੰ: 9/2/03-4ਪੀਪੀ1/3868 ਮਿਤੀ 6.3.09 ਰਾਹੀਂ ਸਰਕੂਲੇਟ ਕੀਤੀਆਂ ਗਈਆਂ ਹਨ, ਅਨੁਸਾਰ ਪੰਜਾਬ ਸਿਵਲ ਸੇਵਾਵਾਂ (ਆਮ ਅਤੇ ਸਾਂਝੀਆਂ ਸ਼ਰਤਾਂ) ਨਿਯਮ-1994 ਦੇ ਨਿਯਮ-15 ਵਿਚ ਸੋਧ ਕਰਦੇ ਹੋਏ ਕਲਰਕ ਦੀ ਅਸਾਮੀ ਤੇ ਸਿੱਧੀ ਭਰਤੀ ਲਈ ਨਿਸ਼ਚਿਤ ਕੀਤੀ ਗਈ ਹੈ, ਨੂੰ ਲਾਗੂ ਕੀਤਾ ਗਿਆ ਸੀ, ਨੂੰ ਵਾਪਿਸ ਲਿਆ ਜਾਂਦਾ ਹੈ।

2. ਸਰਕਾਰ ਵਲੋਂ ਇਸ ਵਿਭਾਗ ਦੀਆਂ ਹਦਾਇਤਾਂ ਨੰ: 12/10/96-3ਪੀਪੀ2/14190 ਮਿਤੀ 27.10.98 ਜਿਸ ਅਨੁਸਾਰ ਦਰਜਾ-4 (ਗਰੁੱਪ-ਡੀ) ਕਰਮਚਾਰੀਆਂ ਦਾ ਦਰਜਾ-3 (ਗਰੁੱਪ-ਸੀ) (ਕਲਰਕ) ਦੀ ਪੱਦ-ਉਨਤੀ ਲਈ ਵਿਦਿਅਕ ਯੋਗਤਾਵਾਂ ਆਦਿ ਨਿਸ਼ਚਿਤ ਕੀਤੀਆਂ ਗਈਆਂ ਹਨ, ਦੇ ਮਾਮਲੇ ਨੂੰ ਵਿਚਾਰਨ ਉਪਰੰਤ ਹੇਠ ਲਿਖੇ ਅਨੁਸਾਰ ਫੈਸਲਾ ਲਿਆ ਗਿਆ ਹੈ:-

i) **There should be a provision for filling up class-III (Group-C)(Clerk) post by promotion from amongst the class-IV (Group-D) employees who possess a minimum educational qualification of matriculation (with Punjabi) and have a minimum of five years experience as such.**

ii) **There should be a provision for qualifying test in Punjabi Type writing which should be equal to the one prescribed by the SSS Board for such post and it should be made essential to pass the test before a class-IV employee is considered eligible for promotion. The test may be held by the appointing authority or any such authority to whom the powers for doing so are delegated by the appointing authority.**

iii) **The Service rules of all the Departments including those in which a provision for promotion of class-IV (Group-D) employees to class-III (Group-C) (Clerk) posts has already been made, should be amended in accordance with the aforesaid decision.**

3. ਇਹ ਹਦਾਇਤਾਂ ਸਾਰੇ ਸਬੰਧਤਾਂ ਦੇ ਧਿਆਨ ਵਿਚ ਸਖਤ ਪਾਲਣਾ ਹਿੱਤ ਲਿਆ ਦਿੱਤੀਆ ਜਾਣ।

4. ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ।

ਵਿਸ਼ਵਾਸਪਾਤਰ,

25/8

ਸੁਪਰਡੰਟ, ਪ੍ਰਸੋਨਲ ਪਾਲਿਸੀ-1 ਸਾਖਾ

68

-2-

ਇਸ ਦਾ ਇੱਕ ਉਤਾਰਾ ਰਾਜ ਦੇ ਸਮੂਹ ਵਿੱਤੀ ਕਮਿਸ਼ਨਰਜ/ ਪ੍ਰਮੁੱਖ ਸਕੱਤਰਾਂ/ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ।

ਸੁਪਰਡੰਟ ਪ੍ਰੋਗਰਾਮ ਪਾਲਿਸੀ-1

ਵੱਲ,

ਸਮੂਹ ਵਿੱਤੀ ਕਮਿਸ਼ਨਰਜ/ਪ੍ਰਮੁੱਖ ਸਕੱਤਰ ਅਤੇ
ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ.ਵਿ.ਪੱ.ਨੰ: 9/11/09-4ਪੀ.ਪੀ.1/9855 ਮਿਤੀ, ਚੰਡੀਗੜ੍ਹ: 25/8/09

25/8/09

(69)

ਪੰਜਾਬ ਸਰਕਾਰ
ਨੰ: 2/5/09-4ਪੀਪੀ1/9833

ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
( ਪ੍ਰਸੋਨਲ ਪਾਲਿਸੀਜ਼-1 ਸ਼ਾਖਾ)

ਸੇਵਾ ਵਿਖੇ,

ਸਮੂਹ ਵਿਭਾਗਾਂ ਦੇ ਮੁੱਖੀ, ਕਮਿਸ਼ਨਰਜ ਆਫ ਡਵੀਜ਼ਨ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਜ਼ਿਲਾ ਅਤੇ ਸੈਸ਼ਨ ਜੱਜ ਅਤੇ ਸਮੂਹ ਡਿਪਟੀ ਕਮਿਸ਼ਨਰਜ ਅਤੇ
ਸਮੂਹ ਉਪ ਮੰਡਲ (ਸਿਵਲ) ਪੰਜਾਬ।

ਮਿਤੀ, ਚੰਡੀਗੜ੍ਹ: 25/8/09

ਵਿਸ਼ਾ: ਆਈਡੈਂਟੀਕਲ ਅਸਾਮੀਆਂ ਬਾਰੇ।

ਸ੍ਰੀਮਾਨ/ਸ੍ਰੀਮਤੀ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਜੀ ਦਾ ਧਿਆਨ ਦੁਆਉਂਦਿਆਂ ਅਤੇ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਪੰਜਾਬ ਸਿਵਲ ਸੇਵਾਵਾਂ ( ਆਮ ਅਤੇ ਸਾਂਝੀਆਂ ਸੇਵਾ ਸ਼ਰਤਾਂ) ਨਿਯਮ-1994 ਦੇ ਨਿਯਮ 15 ਅਤੇ 16 ਵਿਚ ਨੋਟੀਫਿਕੇਸ਼ਨ ਨੰ:ਜੀ ਐਸ ਆਰ12/ਕੰਨਸਟ/ਆਰਟ(9)/ 2009 ਮਿਤੀ 10.2.09 ਰਾਹੀਂ ਸੋਧ ਕਰਦੇ ਹੋਏ ਕਲਰਕਾਂ, ਸਟੈਨੋਟਾਈਪਿਸਟਾਂ ਗ੍ਰੇਡ-2 ਅਤੇ ਜੂਨੀਅਰ ਸਕੇਲ ਸਟੈਨੋਗ੍ਰਾਫਰਾਂ ਦੀ ਸਿੱਧੀ ਭਰਤੀ ਲਈ ਵਿਦਿਅਕ ਯੋਗਤਾ ਗ੍ਰੈਜੂਏਸ਼ਨ ਦੇ ਨਾਲ ਨਾਲ ਕੰਪਿਊਟਰ ਲਾਜ਼ਮੀ ਕਰ ਦਿੱਤਾ ਹੈ। ਇਹ ਵੇਖਣ ਵਿਚ ਆਇਆ ਹੈ ਕਿ ਵੱਖ-ਵੱਖ ਵਿਭਾਗਾਂ ਦੇ ਵਿਭਾਗੀ ਸੇਵਾ ਨਿਯਮਾਂ ਵਿਚ ਅਲੱਗ-ਅਲੱਗ ਵਿਦਿਅਕ ਯੋਗਤਾਵਾਂ ਨਿਰਧਾਰਿਤ ਕੀਤੀਆਂ ਹੋਈਆਂ ਹਨ, ਜੋ ਕਿ ਨੋਟੀਫਿਕੇਸ਼ਨ ਮਿਤੀ 10.2.09 ਨਾਲ ਮੇਲ ਨਹੀਂ ਖਾਂਦੀਆਂ। ਇਸੇ ਤਰ੍ਹਾਂ ਵੱਖ ਵੱਖ ਵਿਭਾਗਾਂ ਵਿਚ ਕੰਮ ਕਰਦੇ ਅੰਕੜਾ ਸਹਾਇਕਾਂ , ਸੀਨੀਅਰ ਸਕੇਲ ਸਟੈਨੋਗ੍ਰਾਫਰਾਂ ਦੀ ਸਿੱਧੀ ਭਰਤੀ/ ਪੱਦ-ਉਨਤੀ ਰਾਹੀਂ ਨਿਯੁਕਤੀ ਲਈ ਵੱਖੋ-ਵੱਖਰੇ ਢੰਗ ਅਪਣਾਏ ਜਾਂਦੇ ਹਨ। ਮਿਤੀ 10.2.09 ਦੇ ਨੋਟੀਫਿਕੇਸ਼ਨ ਵਿਚ ਸਟੈਨੋ ਟਾਈਪਿਸਟ , ਜੂਨੀਅਰ ਸਕੇਲ ਸਟੈਨੋਗ੍ਰਾਫਰ ਅਤੇ ਸਟੈਨੋਟਾਈਪਿਸਟ ਦੀ ਸਿੱਧੀ ਭਰਤੀ ਲਈ ਕੰਪਿਊਟਰ ਦੀ ਸਿੱਖਿਆ ਕਿਸ ਪੱਧਰ ਤੱਕ ਹੋਣੀ ਚਾਹੀਦੀ ਹੈ, ਬਾਰੇ ਸਾਂਝੀਆਂ ਸ਼ਰਤਾਂ ਹੋਣੀਆਂ ਚਾਹੀਦੀਆਂ ਹਨ। ਇਹ ਵੀ ਵੇਖਣ ਵਿਚ ਆਇਆ ਹੈ ਕਿ ਕਈ ਵਿਭਾਗਾਂ ਵਲੋਂ ਸਟੈਨੋਟਾਈਪਿਸਟ ਤੋਂ ਜੂਨੀਅਰ ਸਕੇਲ ਸਟੈਨੋਗ੍ਰਾਫਰ ਤੇ ਜੂਨੀਅਰ ਸਕੇਲ ਸਟੈਨੋਗ੍ਰਾਫਰ ਤੋਂ ਸੀਨੀਅਰ ਸਕੇਲ ਸਟੈਨੋਗ੍ਰਾਫਰ ਲਈ ਕੋਈ ਟੈਸਟ ਆਦਿ ਨਹੀਂ ਲਿਆ ਜਾਂਦਾ ਤੇ ਜਾਂ ਵੱਖ-ਵੱਖ ਵਿਧੀ ਅਪਣਾਈ ਜਾਂਦੀ ਹੈ, ਜੋ ਨਿਆਂ ਸੰਗਤ ਨਹੀਂ ਹੈ। ਇਸ ਨਾਲ ਜਿਥੇ ਕਾਨੂੰਨੀ ਉਲਝਣਾਂ ਪੈਦਾ ਹੁੰਦੀਆਂ ਹਨ, ਉਥੇ ਨਿਯਮਾਂ ਵਿਚ ਕੋਈ ਇਕਸਾਰਤਾ ਨਹੀਂ ਰਹਿੰਦੀ। ਇਸ ਤੋਂ ਇਲਾਵਾ ਵੱਖ ਵੱਖ ਵਿਭਾਗਾਂ ਵਿਚ ਆਈਡੈਂਟੀਕਲ ਅਸਾਮੀਆਂ ਲਈ ਵੱਖੋ-ਵੱਖਰੇ ਸੇਵਾ ਨਿਯਮ ਹਨ ਤੇ ਇਨ੍ਹਾਂ ਅਸਾਮੀਆਂ ਲਈ ਵੱਖਰੀਆਂ-ਵੱਖਰੀਆਂ ਵਿਦਿਅਕ ਯੋਗਤਾਵਾਂ ਨਿਰਧਾਰਿਤ ਹਨ।

2. ਉਕਤ ਦਰਸਾਈ ਸਥਿਤੀ ਦੇ ਸਨਮੁੱਖ ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪੋ-ਆਪਣੇ ਵਿਭਾਗਾਂ ਅਧੀਨ ਸੇਵਾਵਾਂ ਲਈ ਸਿੱਧੀ ਭਰਤੀ ਰਾਹੀਂ ਨਿਯੁਕਤੀਆਂ ਲਈ ਸੇਵਾ ਨਿਯਮਾਂ ਦੀ ਨੋਟੀਫਾਈਡ ਕਾਪੀ ਤੋਂ ਇਲਾਵਾ ਆਈਡੈਂਟੀਕਲ ਅਸਾਮੀਆਂ ਦਾ ਵੇਰਵਾ ਆਪਣੇ ਪ੍ਰਬੰਧਕੀ ਸਕੱਤਰ ਰਾਹੀਂ ਇਸ ਵਿਭਾਗ ਨੂੰ ਭੇਜਣ ਦੀ ਖੇਚਲ ਕੀਤੀ ਜਾਵੇ।

**ਪੰਜਾਬ ਸਰਕਾਰ**

3. ਇਸ ਨੂੰ ਪਰਮ ਅਗੇਰ ਦਿੱਤੀ ਜਾਵੇ।

ਵਿਸ਼ਵਾਸਪਾਤਰ,

ਸੁਪਰਡੰਟ, ਪਰਸੋਨਲ ਪਾਲਿਸੀ-1

ਉਤਾਰਾ ਰਾਜ ਦੇ ਸਮੂਹ ਵਿੱਤੀ ਕਮਿਸ਼ਨਰਜ਼ ਅਤੇ ਪ੍ਰਮੁੱਖ ਸਕੱਤਰਾਂ/ ਪ੍ਰਬੰਧਕੀ ਸਕੱਤਰਾਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਸੂਚਨਾਂ ਆਪਣੇ ਅਧੀਨ ਕੰਮ ਕਰਦੇ ਸਮੂਹ ਵਿਭਾਗਾਂ ਦੇ ਮੁੱਖੀਆਂ ਤੋਂ ਪ੍ਰਾਪਤ ਕਰਕੇ ਸੂਚਨਾ ਸੰਕਲਿਤ ਰੂਪ ਵਿਚ ਇਸ ਸਾਖਾ ਨੂੰ ਭੇਜੀ ਜਾਵੇ।

ਸੁਪਰਡੰਟ, ਪਰਸੋਨਲ ਪਾਲਿਸੀ-1

ਸੇਵਾ ਵਿਖੇ,

ਸਮੂਹ ਵਿੱਤੀ ਕਮਿਸ਼ਨਰਜ਼, ਪ੍ਰਮੁੱਖ ਸਕੱਤਰ ਅਤੇ
ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ.ਵਿ.ਪੱ.ਨੰ: 2/9/09-4ਪੀਪੀ1/9834 ਮਿਤੀ, ਚੰਡੀਗੜ੍ਹ 25/9/09

ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
(ਪੀ ਪੀ 3 ਸ਼ਾਖਾ)

## ਅਧਿਸੂਚਨਾ

ਨੰ: 6/28/2008-6ਪੀ.ਪੀ.3/9936 ਮਿਤੀ, ਚੰਡੀਗੜ੍ਹ: 26.8.2009

ਸਰਕਾਰ ਵਲੋਂ ਜਨਤਕ ਛੁੱਟੀਆਂ ਸਬੰਧੀ ਜਾਰੀ ਕੀਤੀ ਗਈ ਨੋਟੀਫਿਕੇਸ਼ਨ ਨੰ:6/28/2008-6ਪੀਪੀ3/15700-15705, ਮਿਤੀ 16-12-2008 ਵਿੱਚ ਅੰਸ਼ਕ ਸੋਧ ਕਰਦੇ ਹੋਏ ਬਾਬਾ ਸ੍ਰੀ ਚੰਦ ਜੀ ਦੇ ਜਨਮ ਦਿਵਸ ਦੀ ਮਿਤੀ 9 ਸਤੰਬਰ 2009 (ਬੁੱਧਵਾਰ) ਦੀ ਬਜਾਏ ਮਿਤੀ 28-8-2009 (ਸ਼ੁਕਰਵਾਰ) ਨੂੰ ਜਨਤਕ ਛੁੱਟੀ ਘੋਸ਼ਿਤ ਕੀਤੀ ਜਾਂਦੀ ਹੈ ।

ਮਿਤੀ, ਚੰਡੀਗੜ੍ਹ:
26 ਅਗਸਤ, 2009

ਐਸ ਸੀ ਅਗਰਵਾਲ
ਮੁੱਖ ਸਕੱਤਰ, ਪੰਜਾਬ ਸਰਕਾਰ

ਪਿੱਠ ਅੰਕਣ ਨੰ: 6/28/2008-6ਪੀਪੀ3/9937 ਮਿਤੀ,ਚੰਡੀਗੜ੍ਹ, 26.8.2009

ਇਸ ਦਾ ਇਕ ਉਤਾਰਾ ਪੰਜਾਬ ਰਾਜ ਦੇ ਸਮੂਹ ਵਿੱਤੀ ਕਮਿਸ਼ਨਰਾਂ, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

ਉਪ ਸਕੱਤਰ ਪ੍ਰਸੋਨਲ

ਪਿੱਠ ਅੰਕਣ ਨੰ: 6/28/2008-6ਪੀਪੀ3/9938 ਮਿਤੀ,ਚੰਡੀਗੜ੍ਹ, 26.8.2009

ਇਸ ਦਾ ਇਕ ਉਤਾਰਾ ਸਮੂਹ ਵਿਭਾਗਾਂ ਦੇ ਮੁੱਖੀਆਂ, ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ, ਡਵੀਜ਼ਨਾਂ ਦੇ ਕਮਿਸ਼ਨਰ, ਡਿਪਟੀ ਕਮਿਸ਼ਨਰਜ਼ ਅਤੇ ਸਬ ਡਵੀਜ਼ਨਲ ਮੈਜਿਸਟਰੇਟਾਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

ਉਪ ਸਕੱਤਰ ਪ੍ਰਸੋਨਲ

ਪਿੱਠ ਅੰਕਣ ਨੰ: 6/28/2008-6ਪੀਪੀ3/9939 ਮਿਤੀ,ਚੰਡੀਗੜ੍ਹ, 26.8.2009

ਇਸ ਦਾ ਇਕ ਉਤਾਰਾ ਕੰਟਰੋਲਰ ਛਪਾਈ ਤੇ ਲਿੱਖਣ ਸਮੱਗਰੀ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਇਸ ਨੋਟੀਫਿਕੇਸ਼ਨ ਸਾਧਾਰਨ ਗਜ਼ਟ ਵਿੱਚ ਛਾਪਣ ਹਿੱਤ ਭੇਜਿਆ ਜਾਂਦਾ ਹੈ ।

ਉਪ ਸਕੱਤਰ ਪ੍ਰਸੋਨਲ

ਪਿੱਠ ਅੰਕਣ ਨੰ: 6/28/2008-6ਪੀਪੀ3/9940 ਮਿਤੀ,ਚੰਡੀਗੜ੍ਹ, 26.8.2009

ਇਸ ਦਾ ਇਕ ਉਤਾਰਾ ਡਾਇਰੈਕਟਰ ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਸਰਕਾਰ ਦੇ ਇਸ ਫੈਸਲੇ ਨੂੰ ਪ੍ਰੈਸ, ਰੇਡੀਓ ਅਤੇ ਟੈਲੀਵੀਜ਼ਨ ਰਾਹੀਂ ਲੋਕਾਂ ਤੱਕ ਪਹੁੰਚਾਇਆ ਜਾਵੇ ।

ਉਪ ਸਕੱਤਰ ਪ੍ਰਸੋਨਲ

ਪਿੱਠ ਅੰਕਣ ਨੰ: 6/23/2008-6ਪੀਪੀ3/9941 ਮਿਤੀ,ਚੰਡੀਗੜ੍ਹ, 26.3.2009

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:

1. ਸਾਰੀਆਂ ਰਾਜ ਸਰਕਾਰਾਂ/ਸੰਘ ਸ਼ਾਸਤ ਪ੍ਰਦੇਸ਼ਾਂ ਦੇ ਮੁੱਖ ਸਕੱਤਰ।
2. ਡਾਇਰੈਕਟਰ, ਪੋਜ਼ੀਸ਼ਨਲ ਐਸਟਰੋਨੋਮੀ ਸੈਂਟਰ, ਇੰਡੀਆ ਮਿਟਰੋਲੋਜੀ ਵਿਭਾਗ, ਬਲਾਕ ਏ.ਕਿਊ.ਪਲਾਟ ਨੰ:8, ਸੈਕਟਰ-5, ਸਾਲਟ ਲੇਕ,ਮਸੀਸ ਬਾਹਨ, ਕਲੱਕਤਾ।
3. ਸੰਯੁਕਤ ਸਕੱਤਰ (ਬੀ.ਓ) ਭਾਰਤ ਸਰਕਾਰ,ਵਿੱਤ ਮੰਤਰਾਲਿਆ, ਇਕਨਾਮੀ ਅਫੇਅਰ ਵਿਭਾਗ(ਬੈਂਕਿੰਗ ਡੀਵਿਜਨ) ਜੀਵਨ ਦੀਪ, ਪਾਰਲੀਮੈਂਟ ਸਟਰੀਟ, ਨਵੀ ਦਿੱਲੀ-110001 ਨੂੰ ਉਨ੍ਹਾਂ ਦੇ ਅੱ.ਸ.ਪੱ. ਨੰ: 41/2/98-BOIL, ਮਿਤੀ 9 ਅਗਸਤ 2002 ਦੇ ਹਵਾਲੇ ਵਿੱਚ।
4. ਸਕੱਤਰ ਭਾਰਤ ਸਰਕਾਰ, ਗ੍ਰਹਿ ਮਾਮਲੇ ਮੰਤਰਾਲਿਆ, ਨਵੀ ਦਿੱਲੀ।
5. ਸਕੱਤਰ ਭਾਰਤ ਸਰਕਾਰ, ਪਰਸੋਨਲ ਮੰਤਰਾਲਿਆ, ਪੀ.ਜੀ ਅਤੇ ਪੈਨਸ਼ਨ ( ਪਰਸੋਨਲ ਅਤੇ ਟ੍ਰੇਨਿੰਗ ਵਿਭਾਗ) ਨਾਰਥ ਬਲਾਕ, ਨਵੀ ਦਿੱਲੀ।
6. ਰਜਿਸਟਰਾਰ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।
7. ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ।
8. ਰਜਿਸਟਰਾਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।
9. ਰਜਿਸਟਰਾਰ, ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ।
10. ਰਜਿਸਟਰਾਰ, ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਰਵਿਸਿਜ, ਫਰੀਦਕੋਟ
11. ਰਜਿਸਟਰਾਰ, ਪੰਜਾਬ ਟੈਕਨੀਕਲ ਯੂਨੀਵਰਸਿਟੀ, ਜਲੰਧਰ।
12. ਮੈਨੇਜਰ, ਭਾਰਤੀ ਰਿਜ਼ਰਵ ਬੈਂਕ, ਸੈਕਟਰ-17, ਚੰਡੀਗੜ੍ਹ।

ਉਪ ਸਕੱਤਰ ਪਰਸੋਨਲ

73

ਨੰ: 14/26/2005-4ਪੀਪੀ3/10025

ਪੰਜਾਬ ਸਰਕਾਰ

ਪ੍ਰਸੋਨਲ ਵਿਭਾਗ

(ਪੀ.ਪੀ. 3 ਸ਼ਾਖਾ)

ਮਿਤੀ, ਚੰਡੀਗੜ੍ਹ: 31 ਅਗਸਤ, 2009

ਸੇਵਾ ਵਿਖੇ

ਸਮੂਹ ਵਿਭਾਗਾਂ ਦੇ ਮੁੱਖੀ ,
ਰਜਿਸਟਰਾਰ ਪੰਜਾਬ ਅਤੇ ਹਰਿਆਣਾ ਹਾਈਕੋਰਟ,
ਮੰਡਲਾਂ ਦੇ ਕਮਿਸ਼ਨਰ,
ਸਮੂਹ ਡਿਪਟੀ ਕਮਿਸ਼ਨਰ ਅਤੇ
ਉਪ ਮੰਡਲ ਮੈਜਿਸਟਰੇਟਸ, ਪੰਜਾਬ ।

ਵਿਸ਼ਾ: ਦਫਤਰਾਂ ਵਿੱਚ ਸਮੇਂ ਦੀ ਪਾਬੰਦੀ ਨੂੰ ਯਕੀਨੀ ਬਨਾਉਣ ਬਾਰੇ ।

***

ਸ੍ਰੀਮਾਨ/ਸ੍ਰੀਮਤੀ ਜੀ,

ਉਪਰੋਕਤ ਵਿਸ਼ੇ ਤੇ ਮੈਨੂੰ ਆਪ ਜੀ ਦਾ ਧਿਆਨ ਪੰਜਾਬ ਸਰਕਾਰ ਦੇ ਗਸ਼ਤੀ ਪੱਤਰ ਨੰ: 14/21/95-4ਪੀਪੀ3/13729 ਮਿਤੀ 20-7-1995, ਪੱ:ਨੰ: 14/21/95-4ਪੀਪੀ3/17823 ਮਿਤੀ 29-8-1997, ਪੱ:ਨੰ: 14/21/95-4ਪੀਪੀ3/2704 ਮਿਤੀ 11-3-1998, ਪੱ: ਨੰ: 14/21/95-4ਪੀਪੀ3/10714 ਮਿਤੀ 10-8-1998, ਪੱ:ਨੰ: 14/21/95-4ਪੀਪੀ3/5372 ਮਿਤੀ 13-5-99, ਪੱ:ਨੰ: 14/21/95-4ਪੀਪੀ3/8268 ਮਿਤੀ 12-7-1999 ,ਪੱ:ਨੰ: 14/26/2003-4ਪੀਪੀ3/8077 ਮਿਤੀ 9-5-2003 ਅਤੇ ਪੱ.ਨੰ. 14/26/2003-4ਪੀਪੀ3/10082 ਮਿਤੀ 5 ਜੁਲਾਈ, 2007 ਵੱਲ ਦਿਵਾਉਂਦੇ ਹੋਏ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਸਮੇਂ-ਸਮੇਂ ਸਿਰ ਵਿਸ਼ੇ ਵਿਚ ਦਰਜ ਮੰਤਵ ਬਾਰੇ ਜਾਰੀ ਹੋਏ ਉਪਰੋਕਤ ਪੱਤਰਾਂ ਰਾਹੀਂ ਆਪ ਨੂੰ ਹਦਾਇਤ ਕੀਤੀ ਜਾਂਦੀ ਰਹੀ ਹੈ ਕਿ ਸਰਕਾਰੀ ਦਫਤਰਾਂ ਵਿਚ ਅਧਿਕਾਰੀਆਂ/ਕਰਮਚਾਰੀਆਂ ਦੀ ਹਾਜ਼ਰੀ ਸਰਕਾਰੀ ਕੰਮ ਕਾਜ ਦੇ ਸਮੇਂ ਯਕੀਨੀ ਬਣਾਈ ਜਾਵੇ । ਸਰਕਾਰ ਦੇ ਧਿਆਨ ਵਿੱਚ ਆਇਆ ਹੈ ਕਿ ਬਾਰ-ਬਾਰ ਹਦਾਇਤਾਂ ਕਰਨ ਦੇ ਬਾਵਜੂਦ ਕਈ ਅਧਿਕਾਰੀ /ਕਰਮਚਾਰੀ ਆਪਣੀ ਡਿਊਟੀ ਦੇ ਮਿਥੇ ਸਮੇ ਤੇ ਹਾਜ਼ਰੀ ਸਬੰਧੀ ਹਦਾਇਤਾਂ ਦੀ ਪਾਲਣਾ ਨਹੀ ਕਰਦੇ। ਅਜਿਹੀ ਅਨੁਸ਼ਾਸਨਹੀਣਤਾ ਕਾਰਨ ਸਰਕਾਰ ਦੇ ਕੰਮ- ਕਾਜ ਦਾ ਨੁਕਸਾਨ ਤਾਂ ਹੁੰਦਾ ਹੀ ਹੈ ਅਤੇ ਇਸ ਨਾਲ ਆਮ ਲੋਕਾਂ ਨੂੰ ਵੀ ਬੇਲੋੜੀ ਪ੍ਰੇਸ਼ਾਨੀ ਹੁੰਦੀ ਹੈ। ਸਰਕਾਰ ਵਲੋਂ ਅਜਿਹੀ ਅਨੁਸ਼ਾਸ਼ਨਹੀਣਤਾ ਦਾ ਗੰਭੀਰ ਨੋਟਿਸ ਲਿਆ ਗਿਆ ਹੈ।

2. ਦਫਤਰਾਂ ਦੇ ਸਮੇਂ ਦੀ ਪਾਬੰਦੀ ਯਕੀਨੀ ਬਣਾਉਣ ਲਈ ਅਸਰਦਾਰ ਕਦਮ ਚੁੱਕਣ ਦੀ ਸਖਤ ਜ਼ਰੂਰਤ ਹੈ । ਅਜਿਹਾ ਤਦ ਹੀ ਹੋ ਸਕਦਾ ਹੈ ਜੇਕਰ ਸਬੰਧਤ ਪ੍ਰਬੰਧਕੀ ਸਕੱਤਰ/ਵਿਭਾਗਾਂ ਦੇ ਮੁੱਖੀ ਅਤੇ ਦਫਤਰਾਂ ਦੇ ਮੁੱਖੀ ਵਕਤ ਦੀ ਪਾਬੰਦੀ ਯਕੀਨੀ ਬਨਾਉਣ ਲਈ ਖੁਦ ਮਿਸਾਲ ਕਾਇਮ ਕਰਨ ।

3. ਉਕਤ ਸਥਿਤੀ ਨੂੰ ਮੁੱਖ ਰੱਖਦੇ ਹੋਏ ਫਿਰ ਇਹ ਹਦਾਇਤਾਂ ਦੁਹਰਾਈਆਂ ਜਾਂਦੀਆਂ ਹਨ ਕਿ ਸਮੂਹ ਪ੍ਰਬੰਧਕੀ ਸਕੱਤਰ/ਵਿਭਾਗਾਂ ਦੇ ਮੁਖੀ /ਦਫਤਰਾਂ ਦੇ ਮੁੱਖੀ ਸਵੇਰ ਸਮੇਂ ਤੇ ਆਪਣੇ-ਆਪਣੇ ਦਫਤਰਾਂ ਵਿਚ ਹਾਜਰ ਆਉਣਾ ਯਕੀਨੀ ਬਣਾਉਣਗੇ ਅਤੇ ਸ਼ਾਮ ਨੂੰ ਦਫਤਰੀ ਸਮੇਂ ਤੋਂ ਬਾਅਦ ਹੀ ਦਫਤਰ ਤੋਂ ਜਾਣਗੇ ਅਤੇ ਹਫਤੇ ਵਿਚ ਘਟੋ-ਘੱਟ 2 ਵਾਰ ਆਪਣੇ ਅਧੀਨ ਕੰਮ ਕਰਦੇ ਅਧਿਕਾਰੀਆਂ/ਕਰਮਚਾਰੀਆਂ ਦੀ ਹਾਜਰੀ ਅਚਨਚੇਤੀ ਚੈਕ ਕਰਨਗੇ । ਇਨ੍ਹਾਂ ਹਦਾਇਤਾਂ ਦੀ ਭਾਵਨਾ ਮੁਤਾਬਕ ਕਾਰਵਾਈ ਕਰਨੀ ਯਕੀਨੀ ਬਣਾਈ ਜਾਵੇ । ਪ੍ਰਬੰਧਕੀ ਸਕੱਤਰ ਆਪਣੇ ਅਧੀਨ ਆਉਂਦੇ ਡਾਇਰੈਕਟੋਰੇਟਾਂ, ਬੋਰਡਾਂ, ਕਾਰਪੋਰੇਸ਼ਨਾਂ ਦੇ ਮੁੱਖੀਆਂ ਤੋਂ ਉਕਤ ਸਮੂਹ ਹਦਾਇਤਾਂ ਦੀ ਪਾਲਣਾ ਕਰਵਾਉਣ ਲਈ ਜਿੰਮੇਵਾਰ ਹੋਣਗੇ ਅਤੇ ਫੀਲਡ ਵਿਚ ਡਿਵੀਜਨਲ ਕਮਿਸ਼ਨਰ, ਡਿਪਟੀ ਕਮਿਸ਼ਨਰ ਅਤੇ ਵੱਖ-ਵੱਖ ਵਿਭਾਗਾਂ ਦੇ ਮੁੱਖੀ ਆਪਣੇ ਅਧਿਕਾਰ ਖੇਤਰ ਵਿਚ ਆਉਂਦੇ ਦਫਤਰਾਂ ਦੇ ਮੁੱਖੀਆਂ ਤੇ ਸਟਾਫ ਨੂੰ ਚੈਕ ਕਰਨ ਲਈ ਜਿੰਮੇਵਾਰ ਹੋਣਗੇ ।

4. ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ ।

ਵਿਸ਼ਵਾਸਪਾਤਰ,

(ਵਿਨੋਦ ਬਖਸ਼ੀ)
ਉਪ ਸਕੱਤਰ, ਪ੍ਰਸੋਨਲ

ਇਕ ਉਤਾਰਾ ਸਮੂਹ ਵਿੱਤੀ ਕਮਿਸ਼ਨਰਾਂ, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ ।

ਉਪ ਸਕੱਤਰ, ਪ੍ਰਸੋਨਲ

ਸੇਵਾ ਵਿਖੇ,

ਸਮੂਹ ਵਿੱਤੀ ਕਮਿਸ਼ਨਰ,
ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ,
ਪੰਜਾਬ, ਸਰਕਾਰ।

ਅੰ:ਵਿ:ਪੱ:ਨੰ:14/26/2005/ 4 ਪੀ. ਪੀ. 3/ 10026 ਮਿਤੀ, ਚੰਡੀਗੜ੍ਹ 31 ਅਗਸਤ 2009

(101)

ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
( ਪੀ ਪੀ-1 ਸ਼ਾਖਾ)

ਵਿਸ਼ਾ: ਆਊਟਸੋਰਸਿੰਗ ਅਸਾਮੀਆਂ ਬਾਰੇ।

ਸਮੂਹ ਵਿੱਤੀ ਕਮਿਸ਼ਨਰ / ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ ਉਪਰੋਕਤ ਵਿਸ਼ੇ ਤੇ ਇਸ ਦਫ਼ਤਰ ਦੇ ਪੱ: ਵਿ: ਪੱ: ਨੰ: 2/9/09-4ਪੀ ਪੀ-1/9834 ਮਿਤੀ 25/8/09, ਨੰ: 2/9/09-4ਪੀ ਪੀ-1/11968 ਮਿਤੀ 29/10/09 ਅਤੇ 2/9/09-4ਪੀ ਪੀ-1/11600 ਮਿਤੀ 17/11/09 ਵੱਲ ਧਿਆਨ ਦੇਣ ਦੀ ਖੇਚਲ ਕਰਨ।

2. ਸਰਕਾਰ ਅਧੀਨ ਵੱਖ ਸਮੂਹ ਵਿਭਾਗਾਂ ਦੇ ਮੁਖੀਆਂ ਆਦਿ ਨੂੰ ਹਦਾਇਤ ਕਰਦੇ ਹੋਏ ਲਿਖਿਆ ਗਿਆ ਸੀ ਕਿ ਆਪਣੇ ਆਪਣੇ ਵਿਭਾਗਾਂ ਅਧੀਨ ਸੰਸਥਾਵਾਂ ਵਲੋਂ ਕਿਸੇ ਬਾਹਰੀ ਏਜੰਸੀ ਰਾਹੀਂ ਨਿਯੁਕਤੀਆਂ ਕਰਕੇ ਸੇਵਾ ਨਿਭਾਉਣ ਦੀ ਕੋਈ ਵਿਧੀ ਅਪਣਾਈ ਤੇ ਇਹਨਾਂ ਆਊਟਸੋਰਸਿੰਗ ਅਸਾਮੀਆਂ ਦਾ ਵੇਰਵਾ ਆਪਣੇ ਪ੍ਰਬੰਧਕੀ ਸਕੱਤਰਾਂ ਰਾਹੀਂ ਇਸ ਵਿਭਾਗ ਨੂੰ ਭੇਜਣ ਅਤੇ ਉਹਨਾਂ ਨੂੰ ਇਹ ਵੀ ਲਿਖਿਆ ਗਿਆ ਸੀ ਕਿ ਉਕਤ ਸੂਚਨਾ ਆਪਣੇ ਅਧੀਨ ਕੰਮ ਕਰਦੇ ਵਿਭਾਗਾਂ ਦੇ ਮੁਖੀਆਂ ਤੋਂ ਇਕੱਠੀ ਕਰਕੇ ਸੰਕਲਿਤ ਰੂਪ ਵਿਚ ਇਸ ਸ਼ਾਖਾ ਨੂੰ ਭੇਜੀ ਜਾਵੇ ਪਰ ਉਕਤ ਸੂਚਨਾ ਅਜੇ ਤੱਕ ਪ੍ਰਾਪਤ ਨਹੀਂ ਹੋਈ।

3. ਉਹਨਾਂ ਨੂੰ ਮੁੜ ਲਿਖਿਆ ਜਾਂਦਾ ਹੈ ਕਿ ਆਪਣੇ ਅਧੀਨ ਕੰਮ ਕਰਦੇ ਸਮੂਹ ਵਿਭਾਗਾਂ ਦੇ ਮੁਖੀਆਂ ਤੋਂ ਸੂਚਨਾ ਪ੍ਰਾਪਤ ਕਰਕੇ ਸੰਕਲਿਤ ਰੂਪ ਵਿਚ ਸ਼ਾਖਾ ਨੂੰ ਜਲਦੀ ਭੇਜੀ ਜਾਵੇ।

ਹਸਤਾਖਰ 21/12
ਪੀ.ਏ. 14-12-09

ਸੇਵਾ ਵਿਖੇ,

ਸਮੂਹ ਵਿੱਤੀ ਕਮਿਸ਼ਨਰ / ਪ੍ਰਮੁੱਖ ਸਕੱਤਰ,
ਪ੍ਰਬੰਧਕੀ ਸਕੱਤਰ ਪੰਜਾਬ ਸਰਕਾਰ।

ਪੱ: ਵਿ: ਪੱ: ਨੰ: 2/9/09-4ਪੀ ਪੀ-1/12449 ਮਿਤੀ: 22/12/09

4/9/09

ਨੰ: 9/2/03-4ਪੀਪੀ1/ 10179

ਪੰਜਾਬ ਸਰਕਾਰ

ਪ੍ਰਸੋਨਲ ਵਿਭਾਗ

(ਪ੍ਰਸੋਨਲ ਪਾਲਿਸੀਜ਼-1 ਸ਼ਾਖਾ)

ਸੇਵਾ ਵਿਖੇ,

ਸਮੂਹ ਵਿਭਾਗਾਂ ਦੇ ਮੁੱਖੀ, ਕਮਿਸ਼ਨਰਜ਼ ਆਫ ਡਵੀਜ਼ਨ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਜਿਲਾਂ ਅਤੇ ਸੈਸ਼ਨ ਜੱਜ ਅਤੇ ਸਮੂਹ ਡਿਪਟੀ ਕਮਿਸ਼ਨਰਜ਼ ਅਤੇ
ਸਮੂਹ ਉਪ ਮੰਡਲ (ਸਿਵਲ) ਪੰਜਾਬ।

ਮਿਤੀ, ਚੰਡੀਗੜ੍ਹ 4/9/09

ਵਿਸ਼ਾ: ਪੰਜਾਬ ਸਿਵਲ ਸੇਵਾਵਾਂ (ਆਮ ਅਤੇ ਸਾਂਝੀਆਂ ਸੇਵਾਵਾਂ ਸ਼ਰਤਾਂ) ਨਿਯਮ-1994 ਵਿਚ ਸੋਧ ਕਰਨ ਬਾਰੇ।

ਸ੍ਰੀਮਾਨ/ਸ੍ਰੀਮਤੀ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਜੀ ਦਾ ਧਿਆਨ ਇਸ ਵਿਭਾਗ ਵਲੋਂ ਜਾਰੀ ਹਦਾਇਤਾਂ ਨੰ:9/2/03-4ਪੀਪੀ1/ 3868 ਮਿਤੀ 5.3.09 ਜਿਸ ਰਾਹੀਂ ਪੰਜਾਬ ਸਿਵਲ ਸੇਵਾਵਾਂ (ਆਮ ਅਤੇ ਸਾਂਝੀਆਂ ਸੇਵਾਵਾਂ ਸ਼ਰਤਾਂ) ਨਿਯਮ-1994 ਦੇ ਨਿਯਮ 15 ਅਤੇ 16 ਵਿਚ ਨੋਟੀਫਿਕੇਸ਼ਨ ਨੰਬਰ ਜੀ.ਐਸ.ਆਰ.12/ਕੰਨਸਟ/ਆਰਟ(9)/2009 ਮਿਤੀ 10.2.09 ਰਾਹੀਂ ਸੋਧ ਕਰਦੇ ਹੋਏ ਕਲਰਕਾਂ, ਸਟੈਨੋਟਾਈਪਿਸਟਾਂ ਗ੍ਰੇਡ-2 ਅਤੇ ਜੂਨੀਅਰ ਸਕੇਲ ਸਟੈਨੋਗ੍ਰਾਫਰਾਂ ਦੀ ਸਿੱਧੀ ਭਰਤੀ ਲਈ ਵਿਦਿੱਅਕ ਯੋਗਤਾ ਗ੍ਰੈਜੂਏਸ਼ਨ ਦੇ ਨਾਲ ਨਾਲ ਕੰਪਿਊਟਰ ਲਾਜ਼ਮੀ ਕਰ ਦਿੱਤਾ ਹੈ, ਸਰਕੂਲੇਟ ਕੀਤਾ ਗਿਆ ਸੀ, ਵੱਲ ਦਿਵਾਉਂਦੇ ਹੋਏ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਕਈ ਵਿਭਾਗਾਂ ਵਲੋਂ ਪ੍ਰਸੋਨਲ ਵਿਭਾਗ ਤੋਂ ਸਪਸ਼ਟੀਕਰਣ ਮੰਗੇ ਜਾ ਰਹੇ ਹਨ ਕਿ ਕੀ ਉਕਤ ਸੋਧ ਕਲਰਕ ਦੀ ਅਸਾਮੀ ਲਈ ਤਰਸ ਦੇ ਅਧਾਰ ਤੇ ਨਿਯੁਕਤ ਹੋਣ ਉਮੀਦਵਾਰਾਂ ਤੇ ਲਾਗੂ ਹੋਵੇਗੀ ਅਤੇ ਉਨ੍ਹਾਂ ਵਲੋਂ ਇਨ੍ਹਾਂ ਯੋਗਤਾਵਾਂ ਵਿਚ ਢਿੱਲ ਵੀ ਮੰਗੀ ਜਾ ਰਹੀ ਹੈ। ਤਰਸ ਦੇ ਅਧਾਰ ਤੇ ਉਮੀਦਵਾਰ ਨੂੰ ਨੌਕਰੀ ਸਿੱਧੀ ਭਰਤੀ ਲਈ ਨਿਰਧਾਰਿਤ ਵਿਦਿੱਅਕ ਯੋਗਤਾਵਾਂ ਨੂੰ ਮੁੱਖ ਰੱਖ ਕੇ ਦਿੱਤੀ ਜਾਂਦੀ ਹੈ ਅਤੇ ਪੰਜਾਬ ਸਿਵਲ ਸੇਵਾਵਾਂ (ਆਮ ਅਤੇ ਸਾਂਝੀਆਂ ਸੇਵਾਵਾਂ ਸ਼ਰਤਾਂ) ਨਿਯਮ-1994 ਦਾ ਸਾਰੇ ਵਿਭਾਗਾਂ ਦੇ ਸੇਵਾ ਨਿਯਮਾਂ ਤੇ ਓਵਰ ਰਾਈਡਿੰਗ ਇਫੈਕਟ ਹੈ, ਦੇ ਰੂਲ-19 ਅਨੁਸਾਰ ਵਿਦਿੱਅਕ ਯੋਗਤਾਵਾਂ ਅਤੇ ਤਜਰਬੇ ਵਿਚ ਢਿੱਲ ਨਹੀਂ ਦਿੱਤੀ ਜਾ ਸਕਦੀ। ਇਸ ਲਈ ਸਰਕਾਰ ਵੱਲੋਂ ਫੈਸਲਾ ਲਿਆ ਗਿਆ ਹੈ ਕਿ ਤਰਸ ਦੇ ਆਧਾਰ ਤੇ ਕਲਰਕ ਦੀ ਅਸਾਮੀ ਲਈ ਵਿਦਿੱਅਕ ਯੋਗਤਾ ਜੋ ਸਿੱਧੀ ਭਰਤੀ ਲਈ ਮੁਕੱਰਰ ਕੀਤੀ ਗਈ ਹੈ, ਇੰਨ-ਬਿੰਨ ਲਾਗੂ ਹੋਣਗੀਆਂ ਅਤੇ ਉਨ੍ਹਾਂ ਵਿਚ ਕੋਈ ਢਿੱਲ ਨਹੀਂ ਦਿੱਤੀ ਜਾ ਸਕਦੀ। ਇਹ ਹਦਾਇਤਾਂ ਆਪਣੇ ਅਧੀਨ ਦਫਤਰ ਦੇ ਸਮੂਹ ਕਰਮਚਾਰੀਆਂ ਦੇ ਧਿਆਨ ਵਿਚ ਲਿਆਉਣ ਦੀ ਖੇਚਲ ਕੀਤੀ ਜਾਵੇ।

3. ਇਸ ਦੀ ਪਹੁੰਚ ਰਸੀਦ ਭੇਜੀ ਜਾਵੇ।

ਵਿਸ਼ਵਾਸਪਾਤਰ,

ਸੁਪਰਡੰਟ, ਪ੍ਰਸੋਨਲ ਪਾਲਿਸੀ-1

ਉਤਾਰਾ ਰਾਜ ਦੇ ਸਮੂਹ ਵਿੱਤੀ ਕਮਿਸ਼ਨਰਜ਼ ਅਤੇ ਪ੍ਰਮੁੱਖ ਸਕੱਤਰਾਂ/ਪ੍ਰਬੰਧਕੀ ਸਕੱਤਰਾਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਸੂਚਨਾ ਆਪਣੇ ਅਧੀਨ ਕੰਮ ਕਰਦੇ ਸਮੂਹ ਵਿਭਾਗਾਂ ਦੇ ਮੁੱਖੀਆਂ ਤੋਂ ਪ੍ਰਾਪਤ ਕਰਕੇ ਸੂਚਨਾ ਸੰਕਲਿਤ ਰੂਪ ਵਿਚ ਇਸ ਸ਼ਾਖਾ ਨੂੰ ਭੇਜੀ ਜਾਵੇ।

ਸੁਪਰਡੰਟ, ਪ੍ਰਸੋਨਲ ਪਾਲਿਸੀ-1

ਸੇਵਾ ਵਿਖੇ,

ਸਮੂਹ ਵਿੱਤੀ ਕਮਿਸ਼ਨਰਜ਼, ਪ੍ਰਮੁੱਖ ਸਕੱਤਰ ਅਤੇ
ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ.ਵਿ.ਪੱ.ਨੰ: 9/2/03-4ਪੀਪੀ1/ 10180 ਮਿਤੀ, ਚੰਡੀਗੜ੍ਹ 4/9/09

ਨੰ: 6/5/2005-6ਪੀ.ਪੀ.3/10824
ਪੰਜਾਬ ਸਰਕਾਰ
ਪਰਸੋਨਲ ਵਿਭਾਗ
(ਪੀ.ਪੀ.3 ਸ਼ਾਖਾ)

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਵਿਭਾਗਾਂ/ਕਾਰਪੋਰੇਸ਼ਨਾਂ/ਬੋਰਡਾਂ ਦੇ ਮੁੱਖੀ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਡਵੀਜ਼ਨਾਂ ਦੇ ਕਮਿਸ਼ਨਰਜ਼,
ਡਿਪਟੀ ਕਮਿਸ਼ਨਰਜ਼ ਅਤੇ
ਉੱਪ ਮੰਡਲ ਮੈਜਿਸਟਰੇਟ ।

ਮਿਤੀ, ਚੰਡੀਗੜ੍ਹ: 12 ਅਕਤੂਬਰ, 2009

ਵਿਸ਼ਾ: **ਹਰਿਆਣਾ ਵਿਧਾਨ ਸਭਾ ਦੀਆਂ ਆਮ ਚੋਣਾਂ ਦੇ ਸਬੰਧ ਵਿੱਚ ਮਿਤੀ 13.10.2009 ਨੂੰ ਕਰਮਚਾਰੀਆਂ ਨੂੰ ਸਪੈਸ਼ਲ ਛੁੱਟੀ ਦੇਣ ਬਾਰੇ ।**

***

ਸ੍ਰੀਮਾਨ/ਸ੍ਰੀਮਤੀ ਜੀ,

ਉਪਰੋਕਤ ਵਿਸ਼ੇ ਤੇ ਮੈਨੂੰ ਆਪ ਜੀ ਨੂੰ ਇਹ ਸੂਚਿਤ ਕਰਨ ਦੀ ਹਦਾਇਤ ਹੋਈ ਹੈ ਕਿ ਹਰਿਆਣਾ ਵਿਧਾਨ ਸਭਾ ਦੀਆਂ ਆਮ ਚੋਣਾਂ ਮਿਤੀ 13.10.2009 (ਮੰਗਲਵਾਰ) ਨੂੰ ਹੋਣੀਆਂ ਨਿਸ਼ਚਿਤ ਹੋਈਆਂ ਹਨ । ਇਸ ਲਈ ਰਾਜ ਸਰਕਾਰ ਵਲੋਂ ਫੈਸਲਾ ਕੀਤਾ ਗਿਆ ਹੈ ਕਿ ਉਹ ਕਰਮਚਾਰੀ ਜੋ ਹਰਿਆਣਾ ਰਾਜ ਵਿੱਚ ਵੋਟਰ ਹਨ ਉਹਨਾਂ ਨੂੰ ਮਿਤੀ 13-10-2009 ਦੀ ਸਪੈਸ਼ਲ ਛੁੱਟੀ (ਜੋ ਕਰਮਚਾਰੀਆਂ ਦੇ ਖਾਤੇ ਵਿਚੋਂ ਕੱਟੀ ਨਹੀਂ ਜਾਵੇਗੀ) ਦਿੱਤੀ ਜਾਵੇ । ਇਸੇ ਤਰ੍ਹਾਂ ਸੈਕਸ਼ਨ 135 ਬੀ(1) ਆਰ.ਪੀ. ਐਕਟ, 1951 ਅਧੀਨ ਉਦਯੋਗਿਕ ਅਦਾਰਿਆਂ ਵਿੱਚ ਕੰਮ ਕਰਦੇ ਕਾਮੇ ਜੋ ਹਰਿਆਣਾ ਵਿੱਚ ਵੋਟਰ ਹਨ ਉਹ ਵੀ ਇਸ ਦਿਨ ਦੀ ਪੇਡ (paid) ਛੁੱਟੀ ਦੇ ਹੱਕਦਾਰ ਹੋਣਗੇ।

2. ਇਹਨਾਂ ਹਦਾਇਤਾਂ ਦੀ ਪਾਲਣਾ ਕਰਨਾ ਯਕੀਨੀ ਬਣਾਇਆ ਜਾਵੇ ।

ਵਿਸ਼ਵਾਸ ਪਾਤਰ,

ਸੁਪਰਡੰਟ

**ਨੰ: 6/5/2005-6ਪੀ.ਪੀ.3/10825** **ਮਿਤੀ, ਚੰਡੀਗੜ੍ਹ: 12 ਅਕਤੂਬਰ,2009**

ਇਸ ਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:-

1) ਸਮੂਹ ਵਿੱਤੀ ਕਮਿਸ਼ਨਰਜ਼/ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ ;
2) ਸਕੱਤਰ/ਰਾਜਪਾਲ, ਪੰਜਾਬ ;
3) ਪ੍ਰਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ ;
4) ਸਕੱਤਰ/ਮੁੱਖ ਸਕੱਤਰ/ਪੰਜਾਬ ਸਰਕਾਰ ;
5) ਨਿੱਜੀ ਸਕੱਤਰ/ਸਕੱਤਰ ਪ੍ਰਸੋਨਲ ।

ਸੁਪਰਡੰਟ

13/10/09

(77)

1

ਨੰ:4/46/09-1ਪੀ.ਪੀ.1/10828

ਪੰਜਾਬ ਸਰਕਾਰ

ਪ੍ਰਸੋਨਲ ਵਿਭਾਗ

(ਪ੍ਰਸੋਨਲ ਪਾਲਿਸੀ-1 ਸ਼ਾਖਾ)

ਸੇਵਾ ਵਿਖੇ,

ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਡਵੀਜਨਾਂ ਦੇ ਕਮਿਸ਼ਨਰ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਡਿਪਟੀ ਕਮਿਸ਼ਨਰ ਅਤੇ
ਉਪ ਮੰਡਲ ਅਫਸਰ (ਸਿਵਲ)

ਮਿਤੀ, ਚੰਡੀਗੜ੍ਹ: 13/10/09

ਵਿਸ਼ਾ: ਪੰਜਵੇਂ ਪੰਜਾਬ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਲਾਗੂ ਕਰਨ ਬਾਰੇ-ਅਸਾਮੀਆਂ ਦਾ ਵਰਗੀਕਰਣ ਕਰਨ ਸਬੰਧੀ।

ਸ੍ਰੀਮਾਨ/ ਸ੍ਰੀਮਤੀ

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਨੂੰ ਸੰਬੋਧਤ ਕਰਨ ਅਤੇ ਆਪ ਦਾ ਧਿਆਨ ਇਸ ਵਿਭਾਗ ਦੀਆਂ ਹਦਾਇਤਾਂ ਜੋ ਅ.ਵਿ.ਪੱ.ਨੰ: 5/13/98-1ਪੀ.ਪੀ.1/11388 ਮਿਤੀ 8.9.2000 ਅਤੇ ਗਸ਼ਤੀ ਪੱਤਰ ਨੰ: 5/13/98-1ਪੀ.ਪੀ.1/ 3060 ਮਿਤੀ 7.3.2001 (ਜੋ ਸੇਵਾ ਹਦਾਇਤਾਂ ਦੇ ਮੈਨੂਅਲ, ਜਿਲਦ-5, ਦੇ ਪੰਨਾ-391 ਅਤੇ 417-18 ਤੇ ਪ੍ਰਕਾਸ਼ਿਤ ਹਨ), ਵੱਲ ਦਿਵਾਉਣ ਅਤੇ ਇਹ ਸੂਚਿਤ ਕਰਨ ਦੀ ਹਦਾਇਤ ਹੋਈ ਹੈ ਕਿ ਮਿਤੀ 1.1.2006 ਤੋਂ ਤਨਖਾਹ ਸਕੇਲ ਦੀ ਸੋਧ ਹੋਣ ਕਾਰਨ ਉਪਰੋਕਤ ਮਿਤੀ 8.9.2000 ਅਤੇ 7.3.2001 ਨੂੰ ਪਹਿਲਾਂ ਜਾਰੀ ਹਦਾਇਤਾਂ ਜਿਨ੍ਹਾਂ ਅਨੁਸਾਰ ਸੇਵਾਵਾਂ ਦਾ ਵਰਗੀਕਰਣ ਕੀਤਾ ਗਿਆ ਸੀ, ਨੂੰ ਮੁੜ ਵਿਚਾਰਨ ਉਪਰੰਤ ਹੇਠ ਲਿਖੇ ਅਧਾਰ ਤੇ ਸੇਵਾਵਾਂ ਦਾ ਵਰਗੀਕਰਣ ਨਿਰਧਾਰਿਤ ਕਰਨ ਦਾ ਫੈਸਲਾ ਕੀਤਾ ਗਿਆ ਹੈ:-

ਗਰੁੱਪ-ਏ ਰੁਪਏ 5000/- (ਪੰਜ ਹਜ਼ਾਰ) ਅਤੇ ਇਸ ਤੋਂ ਵੱਧ ਦੇ ਗਰੇਡ ਪੇਅ ਦੀਆਂ ਸਾਰੀਆਂ ਅਸਾਮੀਆਂ।
ਇਸ ਤੋਂ ਇਲਾਵਾ ਮੌਜੂਦਾ ਗਰੁੱਪ-ਏ ਦੀਆਂ ਸਾਰੀਆਂ ਅਸਾਮੀਆਂ (irrespective of the monerary limits of the grade pay) ਗਰੁੱਪ-ਏ ਵਿਚ ਹੀ ਰਹਿਣਗੀਆਂ।

ਗਰੁੱਪ-ਬੀ ਰੁਪਏ 3800-4999 ਦੇ ਗਰੇਡ ਪੇਅ ਦੀਆਂ ਸਾਰੀਆਂ ਅਸਾਮੀਆਂ।

ਗਰੁੱਪ-ਸੀ ਰੁਪਏ 1900-3799 ਦੇ ਗਰੇਡ ਪੇਅ ਦੀਆਂ ਸਾਰੀਆਂ ਅਸਾਮੀਆਂ।

ਗਰੁੱਪ-ਡੀ ਰੁਪਏ 1900 ਤੋਂ ਘੱਟ ਗਰੇਡ ਪੇਅ ਦੀਆਂ ਸਾਰੀਆਂ ਅਸਾਮੀਆਂ।

3. ਏ, ਬੀ, ਸੀ ਅਤੇ ਡੀ ਗਰੁੱਪਾਂ ਸਬੰਧੀ ਲਾਗੂ ਮੌਜੂਦਾ ਸੇਵਾ ਸ਼ਰਤਾਂ/ਨਿਯਮ ਨਵੇਂ ਵਰਗੀਕਰਣ ਹੋਣ ਤੇ ਨਵੇਂ ਗਰੁੱਪਾਂ ਸਬੰਧੀ ਪਹਿਲਾਂ ਵਾਂਗ ਹੀ(correspondingly) ਲਾਗੂ ਰਹਿਣਗੇ।

4. ਸੇਵਾਵਾਂ ਦੇ ਵਰਗੀਕਰਣ ਦਾ ਇਹ ਫੈਸਲਾ ਵਿੱਤ ਵਿਭਾਗ ਦੀ ਨੋਟੀਫਿਕੇਸ਼ਨ ਨੰ:5/10/09-5ਵਿ.ਪ੍ਰ.1/207 ਮਿਤੀ 27.5.2009 ਦੇ ਦਾਇਰੇ ਵਿਚ ਹੀ ਲਾਗੂ ਹੋਵੇਗਾ। ਇਹ ਹਦਾਇਤਾਂ ਸਬੰਧਤਾਂ ਦੇ ਧਿਆਨ ਵਿਚ ਲਿਆ ਦਿੱਤੀਆਂ ਜਾਣ।

5. ਪੰਜਾਬ ਸਿਵਲ ਸੇਵਾਵਾਂ ਨਿਯਮਾਂਵਲੀ ਵਿਚ ਲੋੜੀਂਦੀ ਸੋਧ ਵਿੱਤ ਵਿਭਾਗ ਵੱਲੋਂ ਕੀਤੀ ਜਾਵੇਗੀ।

6. ਇਹ ਹਦਾਇਤਾਂ ਵਿੱਤ ਵਿਭਾਗ ਵੱਲੋਂ ਉਨ੍ਹਾਂ ਦੇ ਅ.ਵਿ.ਪੱ. ਨੰ: 5/52/09-5ਵਿ.ਪ੍ਰ.1/ 583 ਮਿਤੀ 16.9.09 ਰਾਹੀਂ ਦਿੱਤੀ ਸਹਿਮਤੀ ਦੇ ਆਧਾਰ ਤੇ ਜਾਰੀ ਕੀਤੀਆਂ ਜਾਂਦੀਆਂ ਹਨ।

ਵਿਸ਼ਵਾਸ਼ਪਾਤਰ,

ਵਧੀਕ ਸਕੱਤਰ, ਪ੍ਰਸੋਨਲ

